# ਆਸਾ ਕੀ ਵਾਰ

**ਜਾਣ ਪਛਾਣ**

'ਆਸਾ ਕੀ ਵਾਰ' ਗੁਰੂ ਗ੍ਰੰਥ ਸਾਹਿਬ ਵਿਚ ਦਰਜ ੨੨ ਵਾਰਾਂ ਵਿਚੋਂ ਇਕ ਅਜਿਹੀ ਪ੍ਰਭਾਵਸ਼ਾਲੀ ਅਧਿਆਤਮਕ ਵਾਰ ਹੈ, ਜਿਹੜੀ ਇਕ ਅਕਾਲਪੁਰਖ ਦਾ ਗੁਣਗਾਨ ਕਰਦੀ ਹੋਈ ਸਧਾਰਨ ਮਨੁਖ ਨੂੰ 'ਦੇਵਤਾ' (ਦੈਵੀ-ਗੁਣ ਭਰਪੂਰ ਗਿਆਨਵਾਨ ਮਨੁਖ) ਬਨਾਉਣ ਹਿਤ ਜੀਵਨ ਦੇ ਹਰ ਇਕ ਪਖ; ਧਾਰਮਕ, ਸਮਾਜਕ, ਸਭਿਆਚਾਰਕ, ਸਦਾਚਾਰਕ, ਰੂਹਾਨੀ, ਰਾਜਨੀਤਕ ਆਦਿ ਤੋਂ ਉਸ ਦੀ ਅਗਵਾਈ ਕਰਦੀ ਹੈ। ਆਸਾ ਕੀ ਵਾਰ ਦੇ ਸਲੋਕਾਂ ਵਿਚ ਜਿਥੇ ਸੰਸਾਰਕ ਪਹਿਲੂਆਂ ਦਾ ਵਰਣਨ ਹੈ, ਉਥੇ ਪਉੜੀਆਂ ਵਿਚ ਨਿਰੰਕਾਰ ਦੀ ਉਸਤਤਿ ਹੈ।

ਆਸਾ ਕੀ ਵਾਰ ਦਾ ਕੇਂਦਰ-ਬਿੰਦੂ ਕਰਤਾਪੁਰਖ ਅਤੇ ਇਸ ਦਾ ਵਿਚਾਰ-ਘੇਰਾ ਕਰਤਾਪੁਰਖ ਦੀ ਵਿਆਪਕ ਸ੍ਰਿਸ਼ਟੀ-ਰਚਨਾ ਹੈ। ਇਸ ਦੀ ਸੁਰ ਰੂਹਾਨੀ ਅਤੇ ਸਮਾਜੀ ਸਰੋਕਾਰਾਂ ਵਾਲੀ ਹੈ। ਇਸ ਵਿਚ ਜਿਥੇ ਗੁਰੂ ਤੋਂ ਸਦਕੇ ਜਾਣ ਦੀ ਤੀਬਰ ਭਾਵਨਾ, ਸੱਚ-ਸਰੂਪ ਪ੍ਰਭੂ ਦੀ ਵਡਿਆਈ ਅਤੇ ਕੁਦਰਤ ਵਿਚ ਉਸ ਦੀ ਵਿਆਪਕਤਾ ਨੂੰ ਵੇਖ ਵਿਸਮਾਦਿਤ ਹੋਣ ਦਾ ਸੁੰਦਰ ਵਰਣਨ ਹੈ, ਉਥੇ ਮਨੁਖੀ ਵਿਕਾਰਾਂ, ਸਮਾਜ-ਸਭਿਆਚਾਰਕ ਬੁਰਾਈਆਂ, ਧਾਰਮਕ ਕਰਮਕਾਂਡਾਂ ਅਤੇ ਪਖੰਡਾਂ ਉਪਰ ਵਿਅੰਗਾਤਮਕ ਟਿਪਣੀਆਂ ਸਮੇਤ ਉਨ੍ਹਾਂ ਦੀ ਕਰੜੀ ਆਲੋਚਨਾ ਵੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ, ਦੋ ਵਾਰਾਂ[1] ਨੂੰ ਛੱਡ ਕੇ ਬਾਕੀ ਸਾਰੀਆਂ ਵਾਰਾਂ ਵਾਂਗ,[2] ਇਸ ਬਾਣੀ ਦਾ ਸਿਰਲੇਖ ਵੀ 'ਆਸਾ ਕੀ ਵਾਰ' ਲਿਖਿਆ ਮਿਲਦਾ ਹੈ, ਭਾਵੇਂ ਕਿ ਆਮ ਤੌਰ 'ਤੇ ਇਸ ਨੂੰ 'ਆਸਾ ਦੀ ਵਾਰ' ਕਿਹਾ ਜਾਣਾ ਪ੍ਰਚਲਤ ਹੋ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ ੪੬੨ ਤੋਂ ੪੭੫ ਉਪਰ ਦਰਜ ਇਹ ਵਾਰ,[3] ਗੁਰੂ ਨਾਨਕ ਸਾਹਿਬ ਦੁਆਰਾ ਉਚਾਰਣ ਕੀਤੀਆਂ ੨੪ ਪਉੜੀਆਂ ਅਤੇ

---

[1] 'ਮਾਰੂ ਵਾਰ ਮਹਲਾ ੩' ਅਤੇ 'ਮਾਰੂ ਵਾਰ ਮਹਲਾ ੫'।

[2] ਸਿਰੀਰਾਗ ਕੀ ਵਾਰ ਮਹਲਾ ੪, ਵਾਰ ਮਾਝ ਕੀ ਮਹਲਾ ੧, ਗਉੜੀ ਕੀ ਵਾਰ ਮਹਲਾ ੪, ਗਉੜੀ ਕੀ ਵਾਰ ਮਹਲਾ ੫, ਆਸਾ ਕੀ ਵਾਰ ਮਹਲਾ ੧, ਗੂਜਰੀ ਕੀ ਵਾਰ ਮਹਲਾ ੩, ਗੂਜਰੀ ਕੀ ਵਾਰ ਮਹਲਾ ੫, ਬਿਹਾਗੜੇ ਕੀ ਵਾਰ ਮਹਲਾ ੪, ਵਡਹੰਸ ਕੀ ਵਾਰ ਮਹਲਾ ੪, ਸੋਰਠਿ ਕੀ ਵਾਰ ਮਹਲਾ ੪, ਵਾਰ ਜੈਤਸਰੀ ਕੀ ਮਹਲਾ ੫, ਵਾਰ ਸੂਹੀ ਕੀ ਮਹਲਾ ੩, ਬਿਲਾਵਲ ਕੀ ਵਾਰ ਮਹਲਾ ੪, ਰਾਮਕਲੀ ਕੀ ਵਾਰ ਮਹਲਾ ੩, ਰਾਮਕਲੀ ਕੀ ਵਾਰ ਮਹਲਾ ੫, ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਮਾਰੂ ਵਾਰ ਮਹਲਾ ੩, ਮਾਰੂ ਵਾਰ ਮਹਲਾ ੫, ਬਸੰਤ ਕੀ ਵਾਰ ਮਹਲੁ ੫, ਸਾਰੰਗ ਕੀ ਵਾਰ ਮਹਲਾ ੪, ਮਲਾਰ ਕੀ ਵਾਰ ਮਹਲਾ ੧, ਕਾਨੜੇ ਕੀ ਵਾਰ ਮਹਲਾ ੪। -ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੨੦੧੭

[3] 'ਆਸਾ ਕੀ ਵਾਰ' ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੁਆਰਾ ਉਚਾਰਣ ਕੀਤੀਆਂ ਦੋ ਹੋਰ ਵਾਰਾਂ ਹਨ: ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਅਤੇ ਵਾਰ ਮਲਾਰ ਕੀ ਮਹਲਾ ੧।

© SikhRI 2020. All Rights Reserved. 

ਕੁਲ ੬੦ (੪੫ ਗੁਰੂ ਨਾਨਕ ਸਾਹਿਬ ਦੇ ਅਤੇ ੧੫ ਗੁਰੂ ਅੰਗਦ ਸਾਹਿਬ ਦੇ) ਸਲੋਕਾਂ[4] ਦਾ ਸੰਗ੍ਰਹਿ ਹੈ। ਆਮ ਕਰਕੇ ਹਰੇਕ ਪਉੜੀ ਤੋਂ ਪਹਿਲਾਂ ੨-੩ ਸਲੋਕ ਅੰਕਤ ਹਨ, ਪਰ ਕਿਤੇ ਕਿਤੇ ਇਸ ਤੋਂ ਜਿਆਦਾ (੪-੫) ਵੀ ਹਨ।

ਪ੍ਰਚਲਤ ਰਵਾਇਤ ਅਨੁਸਾਰ, 'ਆਸਾ ਕੀ ਵਾਰ' ਗਾਉਣ ਵੇਲੇ, ਹਰੇਕ ਪਉੜੀ ਨਾਲ ਅੰਕਤ ਸਲੋਕਾਂ ਤੋਂ ਪਹਿਲਾਂ, ਚਉਥੇ ਪਾਤਸ਼ਾਹ, ਗੁਰੂ ਰਾਮਦਾਸ ਸਾਹਿਬ ਦੁਆਰਾ ਉਚਾਰੇ ਛੰਤਾਂ[5] ਵਿਚੋਂ ਇਕ ਇਕ ਛੰਤ ਗਾਇਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ[6] ਦਾ ਮੰਨਣਾ ਹੈ ਕਿ "ਗੁਰੂ ਅਰਜਨ ਸਾਹਿਬ ਨੇ ਚੌਥੇ ਸਤਿਗੁਰੂ ਦੇ ੨੪ ਛੱਕਿਆਂ ਨੂੰ ੨੪ ਪਉੜੀਆਂ ਨਾਲ ਕੀਰਤਨ ਵਿਚ ਸ਼ਾਮਿਲ ਕੀਤਾ।"[7] ਪਰ ਇਥੇ ਇਸ ਵਾਰ ਦੀ ਮੂਲ ਤਰਤੀਬ ਅਨੁਸਾਰ ਕੇਵਲ ੨੪ ਪਉੜੀਆਂ ਅਤੇ ਉਨ੍ਹਾਂ ਨਾਲ ਦਰਜ ਹੋਏ ੬੦ ਸਲੋਕਾਂ ਨੂੰ ਹੀ ਲਿਆ ਹੈ। ਛੰਤਾਂ ਦੀ ਵਿਚਾਰ ਅਤੇ ਅਰਥ ਉਨ੍ਹਾਂ ਦੀ ਤਰਤੀਬ ਅਨੁਸਾਰ ਕੀਤੇ ਜਾਣਗੇ।

ਆਸਾ ਕੀ ਵਾਰ ਦੇ ਮਜ਼ਮੂਨ ਬਾਰੇ ਪ੍ਰੋ. ਸਾਹਿਬ ਸਿੰਘ ਜੀ ਦਾ ਵਿਚਾਰ ਹੈ ਕਿ "ਸਾਰੀ ਵਾਰ ਦਾ ਇਕੋ ਹੀ ਮਜ਼ਮੂਨ ਹੈ...ਸਾਰੀ ਇਕੱਠੀ ਹੀ ਉਚਾਰੀ ਹੈ।"[8] ਪਰ ਭਾਈ ਵੀਰ ਸਿੰਘ ਜੀ ਆਸਾ ਕੀ ਵਾਰ ਦੇ ਸਲੋਕਾਂ ਅਤੇ ਪਉੜੀਆਂ ਦੇ ਪਰਸਪਰ ਸੰਬੰਧਾਂ ਬਾਰੇ ਜਿਕਰ ਕਰਦੇ ਹੋਏ ਲਿਖਦੇ ਹਨ ਕਿ "ਢਾਢੀ ਲੋਕ ਵਾਰਾਂ ਲਾਉਂਦੇ ਜੁੱਧਾਂ ਜੰਗਾਂ ਦੇ ਹਾਲ ਵਾਰਤਕ ਵਿਚ ਸੁਣਾਉਂਦੇ, ਉਸ ਦਾ ਸੰਖੇਪ ਪਉੜੀ ਵਿਚ ਦੇਂਦੇ ਹੁੰਦੇ ਸਨ। ਵਿਚ-ਵਿਚ ਸ਼ਲੋਕ ਦਿਆ ਕਰਦੇ ਸਨ, ਜਿੰਨ੍ਹਾਂ ਦਾ ਸੰਬੰਧ ਕਦੇ ਚਲ ਰਹੇ ਪ੍ਰਸੰਗ ਨਾਲ, ਕਦੇ ਵਜੰਗ ਨਾਲ, ਕਦੇ ਧੂਨੀ ਵਿਚ, ਕਦੇ ਉਪਦੇਸ਼ ਰੂਪ ਵਿਚ ਹੁੰਦਾ ਸੀ। ਇਸੇ ਤਰ੍ਹਾਂ, ਗੁਰਬਾਣੀ ਦੀਆਂ ਵਾਰਾਂ ਵਿਚ ਸ਼ਲੋਕਾਂ ਦਾ ਸੰਬੰਧ ਪਉੜੀਆਂ ਨਾਲ ਕਿਤੇ ਸਿੱਧਾ, ਕਿਤੇ ਵਜੰਗ, ਧੂਨੀ ਆਦਿ ਨਾਲ, ਕਦੇ ਕਿਸੇ ਸਿਧਾਂਤ ਦੇ ਇਸ਼ਾਰੇ ਵਤ ਹੁੰਦਾ ਹੈ, ਪਰ ਅਕਸਰ ਵਾਰਾਂ ਤੇ ਪਉੜੀਆਂ ਦੇ ਭਾਵ ਕਿਵੇਂ ਨਾ ਕਿਵੇਂ ਢੁੱਕਦੇ ਹੀ ਹੁੰਦੇ ਹਨ।"[9]

---

4 ਪਉੜੀ ਨੰਬਰ ੧੨ ਨਾਲ ਅੰਕਤ ਪਹਿਲੇ ਸਲੋਕ ਵਿਚ ਰਹਾਉ ਦੀਆਂ ਦੋ ਤੁਕਾਂ ਵੀ ਹਨ।

5 ਗੁਰੂ ਗ੍ਰੰਥ ਸਾਹਿਬ ਦੇ ਪੰਨਾ ੪੪੮-੪੫੧ ਉਪਰ ਦਰਜ ਛੰਤਾਂ 'ਹਰਿ ਅੰਮ੍ਰਿਤ ਭਿੰਨੇ ਲੋਇਣਾ' ਤੋਂ ਲੈ ਕੇ 'ਹਰਿ ਜੁਗੁ ਜੁਗੁ ਭਗਤ ਉਪਾਇਆ' ਤਕ।

6 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੪, ਪੰਨਾ ੬੧

7 ਭਾਈ ਕਾਨ੍ਹ ਸਿੰਘ ਨਾਭਾ ਨੇ ਛੰਤ ਗਾਇਣ ਦੀ ਇਸ ਰਵਾਇਤ ਬਾਰੇ ਕਿਸੇ ਇਤਿਹਾਸਕ ਸ੍ਰੋਤ ਦਾ ਕੋਈ ਹਵਾਲਾ ਨਹੀਂ ਦਿਤਾ। ਵਿਦਵਾਨ ਸੱਜਣਾਂ ਨੂੰ ਇਸ ਬਾਰੇ ਖੋਜ ਕਰਨ ਦੀ ਲੋੜ ਹੈ।

8 ਪ੍ਰੋ. ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੬, ਪੰਨਾ ੯

9 ਭਾਈ ਵੀਰ ਸਿੰਘ, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਛੇਵੀਂ), ਸੰਪਾ., ਡਾ. ਬਲਬੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ੧੯੯੭, ਪੰਨਾ ੨੮੩੪

© SikhRI 2020. All Rights Reserved.

**ਇਤਿਹਾਸਕ ਪਖ**

ਇਤਿਹਾਸਕ ਪਰੰਪਰਾ ਅਨੁਸਾਰ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਸਨਮੁਖ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ 'ਆਸਾ ਕੀ ਵਾਰ' ਗਾਉਣ ਦੀ ਰੀਤ ਚਲਾਈ।[10] 'ਆਸਾ ਕੀ ਵਾਰ' ਦੇ ਰਚਨਾ ਕਾਲ ਬਾਰੇ ਮੂਲ ਰੂਪ ਵਿਚ ਜਾਣਕਾਰੀ ਦਾ ਸਰੋਤ ਜਨਮ ਸਾਖੀ ਸਾਹਿਤ ਹੈ। ਪੁਰਾਤਨ ਜਨਮ ਸਾਖੀ (ਰਚਨਾ ਕਾਲ ੧੬੫੭-੫੮ ਈ. ਰਚਨਾਕਾਰ ਭਾਈ ਸੈਦੋ, ਰਚਨਾ ਸਥਾਨ 'ਚਰਣ ਮਝਾਰ ਕੇ' ਨੇੜੇ ਪਿਸ਼ਾਵਰ)[11] ਦੀ ਸਾਖੀ ਨੰਬਰ ੩੨ ਅਨੁਸਾਰ[12] 'ਆਸਾ ਕੀ ਵਾਰ' ਸ਼ੇਖ ਬ੍ਰਹਮ ਨਾਲ ਹੋਈ ਗੋਸ਼ਟਿ ਸਮੇਂ ਉਚਾਰੀ ਗਈ ਹੈ। ਸ਼ੇਖ ਬ੍ਰਹਮ ਜਾਂ ਇਬਰਾਹੀਮ, ਸ਼ੇਖ ਫਰੀਦ ਜੀ ਦੇ ਬਾਰ੍ਹਵੇਂ ਗੱਦੀਦਾਰ ਸਨ। ਇਨ੍ਹਾਂ ਦਾ ਗੱਦੀ ਉਪਰ ਬੈਠਣ ਦਾ ਸਮਾਂ ੧੫੧੧ ਤੋਂ ੧੫੫੨ ਈ. ਹੈ।[13]

ਪੁਰਾਤਨ ਜਨਮ ਸਾਖੀ ਵਿਚਲੀ ਸਾਖੀ ਇਸ ਤਰ੍ਹਾਂ ਹੈ:

"...ਰਾਵੀ ਚਨਾਉ ਦੇਖਿ ਕਰਿ ਉਜਾੜਿ ਉਜਾੜਿ ਪੈ ਚਲਿਆ ਪਟਣ ਦੇਸ ਵਿਚਿ ਆਇ ਨਿਕਲਿਆ॥ ਪਟਣ ਤੇ ਕੋਸ ਤਿਨਿ ਉਜਾੜਿ ਥੀ ਓਥੈ ਆਇ ਬੈਠਾ॥ ਮਰਦਾਨਾ ਨਾਲਿ ਆਹਾ॥ ਪਟਣ ਕਾ ਪੀਰੁ ਸੇਖ ਫਰੀਦੁ ਥਾ॥ ਤਿਸ ਕੈ ਤਖਤਿ ਸੇਖੁ ਬ੍ਰਿਹਮ ਥਾ॥ ਤਿਸ ਕਾ ਇਕੁ ਮੁਰੀਦੁ ਸੁਬਾ ਕੇ ਵੇਲੇ ਲਕੜੀਆਂ ਚੁਣਨਿ ਆਇਆ ਥਾ॥ ਤਿਸ ਕਾ ਨਾਉਂ ਸੇਖੁ ਕਮਾਲੁ ਥਾ॥ ਸੋ ਪੀਰ ਕੇ ਮੁਦਬਰਖਾਨੇ ਕੀਆਂ ਲਕੜੀਆਂ ਚੁਣਨਿ ਗਇਆ ਥਾ॥ ਦੇਖੈ ਤਾਂ ਅਕੈ ਕੋਲਿ ਬਾਬਾ ਅਤੈ ਮਰਦਾਨਾ ਦੋਵੇਂ ਬੈਠੇ ਹਨਿ॥ ਤਾਂ ਮਰਦਾਨੈ ਰਬਾਬੁ ਵਜਾਇਆ॥ ਸਬਦੁ ਗਾਵਣਿ ਲਾਗਾ॥ ਸਲੋਕੁ ਦਿਤੋਸੁ ਰਾਗੁ ਆਸਾ ਵਿਚ॥

"ਸਲੋਕ
ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥

---

[10] ਉਹੀ।

[11] ਸ. ਸ. ਪਦਮ, ਸਾਖੀ ਬਾਬੇ ਨਾਨਕ ਜੀ ਕੀ (ਪੁਰਾਤਨ ਜਨਮਸਾਖੀ - ਸਾਖੀਕਾਰ ਸੈਦੋ ਜੱਟ), ਸੰਪਾ., ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੮, ਪੰਨਾ ੫੫

[12] ਉਹੀ, ਪੰਨਾ ੧੫੫-੫੬

[13] ਡਾ. ਜਗਜੀਤ ਸਿੰਘ, ਜਨਮਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ੧੯੭੦, ਪੰਨਾ ੧੧੨। ਇਸ ਪੁਸਤਕ ਵਿਚ ਬਾਬਾ ਫਰੀਦ ਜੀ ਦੇ ਗੱਦੀਦਾਰਾਂ ਦੇ ਨਾਮ ਇਸ ਪ੍ਰਕਾਰ ਦਿੱਤੇ ਗਏ ਹਨ: ਬਾਬਾ ਫਰੀਦ ਸ਼ੱਕਰਗੰਜ (੧੧੭੩ - ੧੨੬੮ ਈ.), ਖ਼੍ਵਾਜਾ ਬਦਰੁਦੀਨ, ਸ਼ਾਹ ਅਲਾਉਦੀਨ, ਦੀਵਾਨ ਮੁਇਜ਼ਦੀਨ, ਮੁਹੰਮਦ ਫਾਜ਼ਿਲ, ਮੁਨਵਰ ਸ਼ਾਹ, ਨੂਰ ਦੀਨ, ਬਹਾਉਦੀਨ, ਹਜ਼ਰਤ ਯੂਨਸ, ਅਹਮਦ ਸ਼ਾਹ, ਪੀਰ ਅਤਾਉਲਾ, ਸ਼ੇਖ ਮੁਹੰਮਦ, ਸ਼ੇਖ ਇਬਰਾਹੀਮ।

DRAFT

© SikhRI 2020. All Rights Reserved. 

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥[14]

"ਜਬ ਏਹੁ ਸਲੋਕ ਕਮਾਲਿ ਫਕੀਰ ਸੁਣਿਆਂ॥ ਤਬ ਲਕੜੀਆਂ ਛੋਡਿ ਕਰਿ ਆਇ ਗਇਆ॥ ਅਰਜੁ ਰਖੀਅਸੁ ਜੀਉ ਇਸ ਕਉ ਹੁਕਮੁ ਕੀਜੈ ਜੋ ਇਹੁ ਬੈਤ ਫਿਰਿ ਆਖੈ॥ ਮਰਦਾਨੇ ਨੂ ਹੁਕਮੁ ਹੋਆ ਜੋ ਇਹੁ ਸਲੋਕ ਫਿਰਿ ਦੇਹਿ॥ ਤਾਂ ਮਰਦਾਨੇ ਸਲੋਕੁ ਫਿਰਿ ਦਿਤਾ॥ ਕਮਾਲਿ ਸਿਖਿ ਲੈਇਆ॥ ਜੋ ਕੁਛ ਲਕੜੀਆਂ ਚੁਣੀਆਂ ਥੀਆਂ ਸੋਈ ਘਿਨਿ ਕਰਿ ਸਲਾਮੁ ਕੀਤੋਸੁ॥ ਪਟਣਿ ਆਇਆ ਲਕੜੀਆਂ ਸੁਟਿ ਕਰਿ ਜਾਇ ਆਪਣੇ ਪੀਰ ਕਉ ਸਲਾਮੁ ਕੀਤੀਅਸੁ॥ ਤਾਂ ਆਖਿਓਸੁ ਪੀਰ ਸਲਾਮਤਿ ਮੈਨੂੰ ਏਕ ਖੁਦਾਇ ਦਾ ਪਿਆਰਾ ਮਿਲਿਆ ਹੈ॥ ਤਾਂ ਪੀਰੁ ਕਹਿਆ॥ ਕਮਾਲਿ ਕਿਥਹੁੰ ਮਿਲਿਓ॥ ਤਾਂ ਕਮਾਲਿ ਕਹਿਆ॥ ਪੀਰ ਸਲਾਮਤਿ ਮੈਂ ਲਕੜੀਆਂ ਚੁਣਨਿ ਗਇਆ ਥਾ॥ ਉਸ ਕੈ ਨਾਲਿ ਇਕੁ ਰਬਾਬੀ ਹੈ ਅਤੇ ਨਾਉ ਨਾਨਕੁ ਹੈਸੁ॥ ਆਪਣੇ ਸਲੋਕ ਆਖਦਾ ਹੈ ਤਬ ਪੀਰ ਆਖਿਆ ਬਚਾ ਕੋਈ ਤੈਂ ਬੀ ਬੈਤੁ ਸਿਖਿਆ॥ ਤਬ ਕਮਾਲਿ ਆਖਿਆ ਜੀਵੈ ਪੀਰ ਸਲਾਮਤਿ ਹਿਕੁ ਬੈਤ ਮੈਨੋ ਭੀ ਹਾਸਲੁ ਥੀਆ ਹੈ॥ ਪੀਰ ਆਖਿਆ ਅਲਾਇ ਡੇਖਾਂ ਕੇਹਾ ਹੈ॥ ਤਾਂ ਕਮਾਲਿ ਆਖਿਆ ਜੀ ਉਹੁ ਆਖਦਾ ਹੈ ਜੋ

"ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥

"ਤਾਂ ਪੀਰ ਆਖਿਆ॥ ਬਚਾ ਕਿਛੁ ਸਮਝਿਓ ਕਿ ਨਾ ਇਸ ਬੈਤ ਦਾ ਬਿਆਨੁ॥ ਤਾਂ ਕਮਾਲਿ ਆਖਿਆ ਪੀਰ ਸਲਾਮਤਿ ਤੈਨੋ ਸਭ ਕੁਛੁ ਰੋਸਨ ਹੈ॥ ਤਾਂ ਪੀਰ ਆਖਿਆ॥ ਬਚਾ ਜਿਨ੍ਹਾਂ ਦਾ ਆਖਿਆ ਹੋਆ ਇਹੁ ਬੈਤੁ ਹੈ ਤਿਸ ਦਾ ਦੀਦਾਰੁ ਦੇਖਾਹੈ॥ ਓਹੁ ਖੁਦਾਇ ਦਾ ਫਕੀਰੁ ਹੈ॥ ਮੈਨੂੰ ਭੀ ਲੈ ਚਲੁ॥ ਓਸਿ ਤਾਂ ਖੁਦਾਇ ਦੀਆਂ ਗਲਾਂ ਕਰੀਆਂ ਹਨਿ॥

"ਤਬਿ ਸੇਖੁ ਬਿਰਾਹਮੁ ਸੁਖਵਾਸਣਿ ਚੜਿ ਚਲਿਆ॥ ਕਮਾਲੁ ਨਾਲਿ ਲੀਤਾ॥ ਆਂਵਦਾ ਆਂਵਦਾ ਕੋਹ ਤਿਹੁੰ ਉਪਰਿ ਆਇਆ॥ ਜਾ ਦੇਖੈ ਤਾਂ ਬਾਬਾ ਬੈਠਾ ਹੈ॥ ਤਬ ਸੇਖੁ ਬਿਰਾਹਮੁ ਜਾਇ ਖੜਾ ਹੋਆ॥ ਆਖਿਓਸ ਨਾਨਕ ਸਲਾਮਾਅਲੇਕਮ॥ ਤਬਿ ਗੁਰੂ ਬਾਬੈ ਨਾਨਕ ਕਹਿਆ॥ ਅਲੇਖਮ ਅਸਲਾਮ ਪੀਰ ਜੀ ਸਲਾਮਤਿ॥ ਆਈਐ ਖੁਦਾਇ ਅਸਾ ਨੋ ਮਿਹਰਵਾਨੁ ਹੋਆ॥ ਤੁਸਾਡਾ ਦੀਦਾਰ ਪਾਇਆ॥ ਤਬ ਇਨੋ ਉਨੋ ਦਸਤਪੋਸੀ ਕਰਿ ਬਹਿ ਗਏ॥

"ਤਬ ਪੀਰ ਪੁਛਣਾ ਕੀਤੀ॥ ਜੋ ਨਾਨਕ ਤੇਰਾ ਇਕੁ ਬੈਤੁ ਸੁਣਿ ਕਰਿ ਹੈਰਾਨੁ ਹੋਆ ਹਾਂ॥ ਅਸਾਂ ਆਖਿਆ ਜਿਸੁ ਇਹੁ ਬੈਤੁ ਆਖਿਆ ਹੈ ਤਿਸ ਦਾ ਦੀਦਾਰੁ ਦੇਖਾਹੈ॥ ਤਬਿ ਬਾਬੇ ਆਖਿਆ ਜੀਉ ਅਸਾਨੂ ਨਿਵਾਜਸ ਹੋਈ ਹੈ ਜੋ ਤੁਸਾਡਾ ਦੀਦਾਰੁ ਪਾਇਆ॥ ਤਬ ਪੀਰ ਕਹਿਆ

---

[14] (ਹੇ ਪ੍ਰਭੂ!) ਤੂੰ ਆਪ ਹੀ ਪੱਟੀ ਹੈਂ, ਆਪ ਹੀ ਕਲਮ ਹੈਂ ਤੇ ਉਸ ਦੇ ਉਪਰ ਲਿਖਿਆ ਹੋਇਆ ਲੇਖ ਵੀ ਤੂੰ ਆਪ ਹੀ ਹੈਂ। ਹੇ ਨਾਨਕ! ਕੇਵਲ ਇਕ ਪ੍ਰਭੂ ਹੀ ਸਲਾਹੁੰਣਾ ਚਾਹੀਦਾ ਹੈ; ਦੂਜਾ ਕਾਹਦੇ ਲਈ ਸਲਾਹੁੰਣਾ ਹੈ (ਜੋ ਜੰਮਦਾ-ਮਰਦਾ ਹੈ)? -ਗੁਰੂ ਗ੍ਰੰਥ ਸਾਹਿਬ ੧੨੯੧

© SikhRI 2020. All Rights Reserved. 

ਨਾਨਕ ਇਸ ਬੈਤ ਦਾ ਬੇਆਨੁ ਦੇਹਿ॥ ਤੂ ਜੋ ਆਖਦਾ ਹੈਂ ਹਿਕ ਹੈ ਨਾਨਕ ਦੂਜਾ ਕਾਹੈ ਕੂੰ॥

"ਪਰੁ ਏਕੁ ਸਾਹਿਬੁ ਤੈ ਦੁਇ ਹਦੀ[15]॥
ਕੇਹੜਾ ਸੇਵੀ ਤੇ ਕੇਹੜਾ ਰਦੀ॥

"ਤੂ ਆਖਦਾ ਹੈ ਕਿ ਹਿਕੋ ਜੋ ਇਕੋ ਹਿਕ ਹੈ ਪਰ ਹਿੰਦੂ ਆਖਦੇ ਹਨ ਜੋ ਅਸਾਂ ਵਿਚਿ ਸਹੀ ਹੈ ਅਤੈ ਮੁਸਲਮਾਨ ਆਖਦੇ ਹਨਿ ਜੋ ਅਸਾਂ ਹੀ ਵਿਚਿ ਸਹੀ ਹੈ॥ ਆਖੁ ਵੇਖਾਂ ਕਿਸੁ ਵਿਚਿ ਸਹੀ ਕਰੇਹਾਂ॥ ਅਰੁ ਕਿਸੁ ਵਿਚਿ ਅਣਸਹੀ ਕਰੇਹਾਂ॥ ਤਬ ਬਾਬੇ ਨਾਨਕ ਕਹਿਆ ਜੀ ਹਿਕੋ ਸਾਹਿਬੁ ਹਿਕਾ ਹਦਿ॥ ਹਿਕੋ ਸੇਵਿ ਤੇ ਦੂਜਾ ਰਦਿ॥.....

"...ਤਾਂ ਫਿਰਿ ਪੀਰ ਕਹਿਆ॥ ਨਾਨਕ ਹਿਕ ਖੁਦਾਇ ਕੀ ਵਾਰ ਸੁਣਾਇ॥ ਅਸਾ ਨੋ ਏਹ ਮਖਸੂਦੁ ਹੈ ਜੋ ਵਾਰ ਦੁਹੁ ਬਾਝੂ ਹੋਂਦੀ ਨਾਹੀਂ॥ ਅਤੇ ਤੂ ਹਿਕੋ ਹਿਕੁ ਆਖਦਾ ਹੈਂ॥ ਵੇਖਾਂ ਖੁਦਾਇ ਦਾ ਸਰੀਕੁ ਤੂ ਕਵਣ ਕਰਸੀ॥ ਤਬ ਬਾਬੇ ਆਖਿਆ ਮਰਦਾਨਿਆਂ ਰਬਾਬ ਵਜਾਇ॥ ਤਾਂ ਮਰਦਾਨੇ ਰਬਾਬ ਵਜਾਇਆ॥ ਰਾਗੁ ਆਸਾ ਕੀਤਾ॥ ਬਾਬੇ ਸਲੋਕੁ ਦਿਤਾ

"ਬਲਿਹਾਰੀ ਗੁਰ ਆਪਣੇ...ਕਰਿ ਆਸਣੁ ਡਿਠੋ ਚਾਉ॥[16]

"ਪਉੜੀਆਂ ਨਉਂ ਹੋਈਆਂ ਏਤੁ ਪਰਥਾਇ॥...[17]

ਜਨਮ ਸਾਖੀ ਬੀ-੪੦[18] ਦੀ ਸਾਖੀ ਨੰਬਰ ੧੬ ਵਿੱਚ ਵੀ ਉਪਰੋਕਤ ਪ੍ਰਸੰਗ ਦਿੱਤਾ ਗਿਆ ਹੈ। ਡਾ. ਕਿਰਪਾਲ ਸਿੰਘ ਅਨੁਸਾਰ ਗੁਰੂ ਸਾਹਿਬ ਦੋ ਵਾਰ ਸ਼ੇਖ ਇਬਰਾਹੀਮ ਨੂੰ ਮਿਲੇ ਸਨ, ਇਕ ਵਾਰੀ ਪੂਰਬ ਵੱਲ ਨੂੰ ਜਾਂਦਿਆਂ ਅਤੇ ਦੂਜੀ ਵਾਰ ਪੱਛਮ ਵੱਲ ਜਾਂਦਿਆਂ। ਆਸਾ

15 ਹਿਦਾਇਤਾਂ ਕਰਨ ਵਾਲੇ, ਗੁਰੂ। -ਡਾ. ਪਿਆਰ ਸਿੰਘ, ਆਦਿ ਸਾਖੀਆਂ, ਸੰਪਾ.,ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੭੨, ਪੰਨਾ ੧੯੧

16 ਜਨਮ ਸਾਖੀ ਵਿਚ ਇਥੇ ਆਸਾ ਕੀ ਵਾਰ ਦੀ ਪਹਿਲੀ ਪਉੜੀ ਅਤੇ ਨਾਲ ਲਗੇ ਤਿੰਨਾਂ ਸਲੋਕਾਂ ਦਾ ਪੂਰਾ ਪਾਠ ਦਿਤਾ ਹੋਇਆ ਹੈ।

17 ਸ. ਸ. ਪਦਮ, ਸਾਖੀ ਬਾਬੇ ਨਾਨਕ ਜੀ ਕੀ (ਪੁਰਾਤਨ ਜਨਮਸਾਖੀ - ਸਾਖੀਕਾਰ ਸੈਦੋ ਜੱਟ), ਸੰਪਾ., ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੮, ਪੰਨਾ ੧੫੨-੧੫੬

18 ਪਿਆਰ ਸਿੰਘ, ਬੀ-੪੦ ਜਨਮ ਸਾਖੀ ਸ੍ਰੀ ਨਾਨਕ ਦੇਵ ਜੀ, ਸੰਪਾ., ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੮੯, ਪੰਨਾ ੭੦-੭੧

© SikhRI 2020. All Rights Reserved. 

ਕੀ ਵਾਰ ਦੂਸਰੀ ਵਾਰੀ ਦੀ ਗੋਸ਼ਟੀ ਸਮੇਂ ਉਚਾਰੀ ਗਈ ਹੈ।[19] ਆਪਣੀ ਗੱਲ ਨੂੰ ਦ੍ਰਿੜ ਕਰਨ ਲਈ ਉਨ੍ਹਾਂ ਨੇ ਭਾਈ ਮਨੀ ਸਿੰਘ ਦੀ ਜਨਮ ਸਾਖੀ ਦਾ ਵੇਰਵਾ ਦਿਤਾ ਹੈ। ਮਿਹਰਬਾਨ ਦੀ ਜਨਮ ਸਾਖੀ ਵਿਚ ਵੀ ਤੀਜੀ ਉਦਾਸੀ ਸਮੇਂ ਗੁਰੂ ਸਾਹਿਬ ਦਾ ਸ਼ੇਖ ਇਬਰਾਹੀਮ ਫਰੀਦ ਸਾਨੀ ਨਾਲ ਮੇਲ ਦੱਸਿਆ ਹੈ। ਇਸ ਜਨਮ ਸਾਖੀ ਵਿਚ ੧੨ ਪਉੜੀਆਂ ਦੇ ਪਰਮਾਰਥ ਗੋਸ਼ਟੀ ਦੇ ਰੂਪ ਵਿਚ ਦਿੱਤੇ ਹਨ।[20] ਪ੍ਰੋ. ਸਾਹਿਬ ਸਿੰਘ ਵੀ ਗੁਰੂ ਸਾਹਿਬ ਦੇ ਤੀਜੀ ਉਦਾਸੀ ਸਮੇਂ ਹੀ ਇਥੇ ਜਾਣ ਬਾਰੇ ਸਹਿਮਤ ਹਨ।[21]

ਪੁਰਾਤਨ ਜਨਮ ਸਾਖੀ ਅਨੁਸਾਰ ਨੌਂ ਪਉੜੀਆਂ ਤੋਂ ਅਗਲੀ ਰਚਨਾ ਦੁਨੀ ਚੰਦ ਨੂੰ ਦਿੱਤੇ ਉਪਦੇਸ਼ ਸਮੇਂ ਹੋਈ। ਦੁਨੀ ਚੰਦ ਲਾਹੌਰ ਦਾ ਰਹਿਣ ਵਾਲਾ ਸੀ। ਇਸ ਨੇ ਆਪਣੇ ਪਿਤਰਾਂ ਦੀ ਤ੍ਰਿਪਤੀ ਲਈ ਬ੍ਰਹਮ ਭੋਜ ਤਿਆਰ ਕੀਤਾ। ਗੁਰੂ ਸਾਹਿਬ ਇਸ ਕੋਲ ਪਹੁੰਚੇ ਅਤੇ ਇਸ ਨੂੰ ਉਪਦੇਸ਼ ਦਿੱਤਾ। ਇਸ ਤਰ੍ਹਾਂ ਜਨਮ ਸਾਖੀ ਸਾਹਿਤ, ਪਾਕਪਟਨ ਅਤੇ ਲਾਹੌਰ ਵਿਚ ਹੀ ਆਸਾ ਕੀ ਵਾਰ ਦੀਆਂ ਪਉੜੀਆਂ ਦੀ ਰਚਨਾ ਬਾਰੇ ਦੱਸ ਪਾਉਂਦਾ ਹੈ। ਪਰ ਭਾਈ ਮਨੀ ਸਿੰਘ ਜੀ ਰਚਿਤ ਗਿਆਨ ਰਤਨਾਵਲੀ ਦੇ ਹਵਾਲੇ ਨਾਲ ਭਾਈ ਮਨਜੀਤ ਸਿੰਘ ਜੀ[22] ਲਿਖਦੇ ਹਨ ਕਿ 'ਆਸਾ ਕੀ ਵਾਰ' ਸ਼ੇਖ ਬ੍ਰਹਮ (ਇਬਰਾਹੀਮ) ਨੂੰ ਮਿਲਣ ਤੋਂ ਪਹਿਲਾਂ ਰਚੀ ਜਾ ਚੁਕੀ ਸੀ:

ਸ਼ੇਖ ਬ੍ਰਹਮ ਕਹਿਆ: ... ਜੀ ਢਾਢੀ ਰਾਜਿਉਂ ਕੀਆਂ ਵਾਰਾਂ ਗਾਵਤੇ ਹੈਂ ਸੋ…ਮਹਾਰਾਜ ਭੀ ਪ੍ਰਸੰਨ ਹੋਤੇ ਹੈਂ। ਸੂਰਮੇ ਭੀ ਪ੍ਰਸੰਨ ਹੋ ਕੇ ਜੁਧ ਕਾ ਉਦਮ ਹੋਇ ਆਵਤਾ ਹੈ...।

ਬਾਬੇ ਕਹਿਆ: ਤੈਸੇ ਜੋ...ਮਹਾਰਾਜ ਕੀ ਵਾਰ ਗਾਵਤੇ ਹੈਂ ਸੋ…ਮਹਾਰਾਜ ਭੀ ਪ੍ਰਸੰਨ ਹੋਤੇ ਹੈਂ ਅਰ…ਜਉਨ ਸੇ ਜਗਿਆਸੀ ਹੈਂ ਤਿਨ ਕਾ ਭੀ ਮਨ ਅਰ ਇੰਦਰੀਅਹੁ ਕੇ ਜੀਤਣੇ ਕਾ ਉਦਮ ਹੋਇ ਆਵਤਾ ਹੈ…।

ਸ਼ੇਖ ਬ੍ਰਹਮ: …ਤਾਂ ਤੇ ਤੁਸੀਂ….ਮੇਰੇ ਤਾਈਂ ਕਾਈ...ਪ੍ਰਮੇਸ਼ੂਰ ਕੀ ਵਾਰ ਸੁਣਾਵਉ...।

ਬਾਬੇ ਕਹਿਆ: ਮਰਦਾਨਿਆ! ਕਬੀਰ ਜੀ ਨੇ ਗਉੜੀ ਰਾਗ ਅੰਗੀਕਾਰ ਕੀਆ ਹੈ…ਅਰ ਹਮਾਰੇ…ਸਭ ਹੀ ਰਾਗ ਹੈਂ ਪਰ…ਇਹ ਪੀਰ ਆਸਾ ਵੰਤ ਆਇਆ ਹੈ ਸੋ…'ਆਸਾ ਕੇ ਰਾਗ' ਵਿਚ ਵਾਰ 'ਸੁਣਾਵਹੁ'...।

---

[19] ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੯, ਪੰਨੇ ੨੯ ਅਤੇ ੧੧੮

[20] ਡਾ. ਕਿਰਪਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਮਿਹਰਬਾਨ ਜੀ ਸੋਢੀ), ਸੰਪਾ., ਖਾਲਸਾ ਕਾਲਜ, ਅੰਮ੍ਰਿਤਸਰ, ੧੯੬੨, ਪੰਨਾ ੪੮੮

[21] ਪ੍ਰੋ. ਸਾਹਿਬ ਸਿੰਘ, ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੫, ਪੰਨੇ ੧੫੫-੫੬

[22] ਮਨਜੀਤ ਸਿੰਘ, ਆਸਾ ਕੀ ਵਾਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੯, ਪੰਨਾ ੩੪

© SikhRI 2020. All Rights Reserved. 

[ਭਾਈ ਮਨੀ ਸਿੰਘ ਜੀ ਦੀ ਹੱਥ ਲਿਖਤ ਗਿਆਨ ਰਤਨਾਵਲੀ, ਪੰਨਾ ੩੦-੩੧ ਦੇ ਅਧਾਰ 'ਤੇ ਉਪ੍ਰੋਕਤ ਲਿਖਤ ਵਿਚੋਂ 'ਸੁਣਾਵਉ' ਪਦ ਪ੍ਰਗਟ ਕਰਦਾ ਹੈ ਕਿ 'ਆਸਾ ਕੀ ਵਾਰ' ਸ਼ੇਖ ਬ੍ਰਹਮ ਨੂੰ ਮਿਲਣ ਤੋਂ ਪਹਿਲਾਂ ਰਚੀ ਜਾ ਚੁਕੀ ਸੀ।]"

ਪ੍ਰੋ. ਸਾਹਿਬ ਸਿੰਘ ਦੇ ਮਤ ਅਨੁਸਾਰ "ਸਾਰੀ ਵਾਰ ਦਾ ਇਕੋ ਹੀ ਮਜ਼ਮੂਨ ਹੈ, ਜਿਥੇ ਭੀ ਉਚਾਰੀ ਹੈ, ਸਾਰੀ ਇਕੱਠੀ ਹੀ ਉਚਾਰੀ ਹੈ।"[23] ਇਨ੍ਹਾਂ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਸਬੂਤ ਅਜੇ ਉਪਲੱਬਧ ਨਹੀਂ, ਜਿਹੜਾ ਇਸ ਰਚਨਾ ਦਾ ਸਹੀ ਸਮਾਂ ਤੇ ਸਥਾਨ ਦੱਸ ਸਕੇ।

**ਸੰਗੀਤਕ ਪਖ**

**ਗਾਇਨ ਸ਼ੈਲੀ**

ਵਾਰ ਗਾਇਨ ਸ਼ੈਲੀ ਪੰਜਾਬ ਦੀ ਇਕ ਪ੍ਰਾਚੀਨ ਤੇ ਮੌਲਿਕ ਲੋਕ ਗਾਇਨ ਸ਼ੈਲੀ ਹੈ, ਜਿਸ ਵਿਚ ਜੋਧਿਆਂ ਦੀ ਸੂਰਬੀਰਤਾ ਦਾ ਜਸ ਗਾਇਆ ਜਾਂਦਾ ਸੀ। ਪਰ ਮਗਰੋਂ ਇਹ ਕੇਵਲ ਜੁੱਧ-ਕਾਵਿ ਨਾ ਰਹਿ ਕੇ ਉਸਤਤਿ-ਕਾਵਿ ਦਾ ਰੂਪ ਧਾਰ ਗਈ। ਵਾਰਾਂ ਗਾਇਨ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਵੀ ਪ੍ਰਚਲਤ ਸੀ। ਇਨ੍ਹਾਂ ਨੂੰ ਢਾਢੀਆਂ ਜਾਂ ਭੱਟਾਂ ਦੁਆਰਾ ਗਾਇਆ ਜਾਂਦਾ ਸੀ।[24]

ਗੁਰੂ ਗ੍ਰੰਥ ਸਾਹਿਬ ਦੇ ਵਖ-ਵਖ ਰਾਗਾਂ ਵਿਚ ਦਰਜ ਕੁਲ ੨੨ ਵਾਰਾਂ ਵਿਚੋਂ ੯ ਵਾਰਾਂ ਨੂੰ ਪੂਰਬ ਗੁਰੂ ਨਾਨਕ ਕਾਲ ਅਤੇ ਗੁਰੂ ਨਾਨਕ ਕਾਲ ਵਿਚ ਪ੍ਰਚਲਤ ਲੋਕ ਵਾਰਾਂ ਦੀਆਂ ਧੁਨੀਆਂ 'ਤੇ ਗਾਇਨ ਕਰਨ ਦੀਆਂ ਹਦਾਇਤਾਂ ਦਰਜ ਹਨ। 'ਆਸਾ ਕੀ ਵਾਰ' ਨੂੰ ਵੀ ਗੁਰੂ ਨਾਨਕ ਸਾਹਿਬ ਵਲੋਂ ਟੁੰਡੇ ਅਸਰਾਜ ਦੀ ਵਾਰ ਦੀ ਧੁਨੀ ਉਪਰ ਗਾਉਣ ਦਾ ਸਪਸ਼ਟ ਸੰਕੇਤ ਕੀਤਾ ਗਿਆ ਹੈ। ਭਾਈ ਪ੍ਰੇਮ ਸਿੰਘ ਨੇ ਆਪਣੀ ਪੁਸਤਕ 'ਰਤਨ ਸੰਗੀਤ ਭੰਡਾਰ' ਵਿਚ ਟੁੰਡੇ ਅਸਰਾਜ ਦੀ ਧੁਨੀ ਨੂੰ ਨਿਮਨ ਅਨੁਸਾਰ ਪੇਸ਼ ਕੀਤਾ ਹੈ।[25]

ਆਸਾ ਧੁਨ ਤਾਲ ੩
ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ॥
ਖ ੧ ੨ ੩ ਖ ੧ ੨ ੩
ਭਬ ਕਿ ਓ ਸ਼ੇਰ ਸਰ ਦੂ ਲ ਰਾ ਇ ਵਾ ਲੇ ਵਾ ਲੇ ਵਾ ਆ ਰਣ ਮਾਰੂ ਬੱਜੇ।
ਮਾ ਮਾ ਮਾ ਮਾ ਪਾ ਪਾ ਪਾ ਪਾ ਸ+ਨੀ ਸ+ਨੀ ਸ+ਸ ਨੀ ਧ ਮਾ ਪਾ ਪਾ। (ਨੋਟ: ਸ+ ਭਾਵ ਸਂ)

---

23 ਪ੍ਰੋ. ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੬, ਪੰਨਾ ੯

24 ਭੱਟ ਅਤੇ ਢਾਢੀ ਗਾਇਨ ਵਿਚ ਅੰਤਰ ਹੈ, ਜਿਥੇ ਢਾਢੀ ਸਾਜਾਂ ਨਾਲ ਵਾਰਾਂ ਗਾਉਂਦੇ ਸਨ, ਓਥੇ ਭੱਟ ਬਿਨਾਂ ਸਾਜਾਂ ਦੇ ਕਵੀਸ਼ਰੀ ਕਰਦੇ ਸਨ।

25 ਭਾਈ ਪ੍ਰੇਮ ਸਿੰਘ, ਗੁਰਮਤਿ ਸੰਗੀਤ ਭੰਡਾਰ, ਗੁਰਮਤਿ ਸੰਗੀਤ (ਭਾਗ ੨), ਧਰਮ ਪ੍ਰਚਾਰ ਕਮੇਟੀ, ਸੈਂਟਰਲ ਖਾਲਸਾ ਯਤੀਮਖਾਨਾ, ਅੰਮ੍ਰਿਤਸਰ, ੨੦੦੮, ਪੰਨਾ ੧੦੧-੧੦੨

© SikhRI 2020. All Rights Reserved.

- ਪੂਰਵ ਉਕਤ ਸੁਰਾਂ ਤੇ ਬਾਕੀ।

ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ॥
ਖਤ ਲਿਖੇ ਟੁੰਡੇ ਅਸਰਾਜ ਨੂੰ ਪਤਸ਼ਾਹੀ ਅੱਜੇ॥
ਟਿੱਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ॥
ਫਤੇ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ॥

ਅਜੋਕੇ ਸਮੇਂ ਵਿਚ, ਰਾਗੀ ਸਿੰਘਾਂ ਵਲੋਂ ਆਸਾ ਕੀ ਵਾਰ ਦਾ ਗਾਇਨ ਕਰਨ ਤੋਂ ਪਹਿਲਾਂ ਮੰਗਲਾਚਰਣ ਵਜੋਂ ਕੋਈ ਢੁਕਵਾਂ ਸ਼ਬਦ ਆਸਾ ਰਾਗ ਵਿਚ ਗਾਇਨ ਕੀਤਾ ਜਾਂਦਾ ਹੈ। ਉਪਰੰਤ ਗੁਰੂ ਰਾਮਦਾਸ ਜੀ ਦੁਆਰਾ ਰਚੇ ਚਾਰ-ਚਾਰ ਬੰਦਾਂ ਵਾਲੇ ਛੇ ਛੰਤਾਂ (ਇਕ ਛਕਾ)[26] ਦੇ ਪਹਿਲੇ ਬੰਦ 'ਹਰਿ ਅੰਮ੍ਰਿਤ ਭਿੰਨੇ ਲੋਇਣਾ' ਨਾਲ ਆਸਾ ਕੀ ਵਾਰ ਦਾ ਅਰੰਭ ਹੁੰਦਾ ਹੈ। ਫਿਰ ਵਾਰੋ ਵਾਰੀ ਸਲੋਕਾਂ ਨੂੰ ਬੋਲ-ਅਲਾਪ ਰੂਪਾਂ ਵਿਚ ਗਾਇਆ ਜਾਂਦਾ ਹੈ, ਜਿਸ ਨਾਲ ਤਬਲਚੀ ਛੇੜ ਦੇ ਬੋਲ ਧੀਮੀ ਲੈਅ ਵਿਚ ਵਜਾਉਂਦਾ ਰਹਿੰਦਾ ਹੈ। ਅੰਤ ਵਿਚ ਪਹਿਲੇ ਬੰਦ ਦਾ ਮੁਕਾਅ ਪਉੜੀ ਰਾਹੀਂ ਕੀਤਾ ਜਾਂਦਾ ਹੈ, ਜੋ ਪ੍ਰਾਚੀਨ ਕਾਲ ਤੋਂ ਪ੍ਰਚਲਤ ਲੋਕ ਸ਼ੈਲੀ ਦੇ ਰੂਪ ਵਿਚ ਹੁੰਦਾ ਹੈ।

ਪਉੜੀ ਨੂੰ ਤਿਹਾਈ ਨਾਲ ਸਮਾਪਤ ਕੀਤਾ ਜਾਂਦਾ ਹੈ। ਫਿਰ ਤਬਲਾ ਵਾਦਕ ਪਉੜੀ ਨੂੰ ਦੂਜੀ ਵਾਰ ਬੋਲ ਕੇ ਪੜ੍ਹਦਾ ਹੈ। ਉਸ ਤੋਂ ਮਗਰੋਂ ਰਾਗੀ ਸਿੰਘ ਛੰਤ ਦਾ ਅਗਲਾ ਬੰਦ ਅਰੰਭ ਕਰਦੇ ਹਨ। ਛੰਤਾਂ, ਸਲੋਕਾਂ ਤੇ ਪਉੜੀਆਂ ਦੀ ਇਸ ਤਰਤੀਬ ਅਨੁਸਾਰ ਕੁਲ ੬ ਛੰਤਾਂ, ੬੦ ਸਲੋਕਾਂ ਅਤੇ ੨੪ ਪਉੜੀਆਂ ਦਾ ਗਾਇਨ ਹੁੰਦਾ ਹੈ। ਸਮੇਂ ਦੀ ਲੋੜ ਅਤੇ ਛੰਤਾਂ ਦੇ ਭਾਵ ਅਨੁਸਾਰ ਰਾਗੀ ਸਿੰਘਾਂ ਵਲੋਂ ਹੋਰ ਢੁਕਵੇਂ ਸ਼ਬਦ ਵੀ ਨਾਲ-ਨਾਲ ਗਾਇਨ ਕੀਤੇ ਜਾਂਦੇ ਹਨ।

ਕੁਝ ਰਾਗੀ ਸਿੰਘਾਂ ਵਲੋਂ ਇਸ ਵਾਰ ਨੂੰ ਹੋਰਨਾਂ ਰਾਗਾਂ ਵਿਚ ਵੀ ਗਾਇਨ ਕਰਨ ਦੇ ਜਤਨ ਕੀਤੇ ਜਾਂਦੇ ਹਨ, ਜੋ ਕਿ ਦਰੁਸਤ ਨਹੀਂ ਜਾਪਦਾ। ਗੁਰੂ ਨਾਨਕ ਸਾਹਿਬ ਵਲੋਂ ਇਸ ਵਾਰ ਨੂੰ ਆਸਾ ਰਾਗ ਵਿਚ ਉਚਾਰਣਾ ਹੀ ਇਸ ਗੱਲ ਦਾ ਸੰਕੇਤ ਹੈ ਕਿ ਇਸ ਨੂੰ ਆਸਾ ਰਾਗ ਵਿਚ ਹੀ ਗਾਇਨ ਕਰਨਾ ਚਾਹੀਦਾ ਹੈ।

---

[26] ਗੁਰੂ ਗ੍ਰੰਥ ਸਾਹਿਬ ਵਿਚ ਛੇ ਸ਼ਬਦਾਂ, ਛੰਤਾਂ ਜਾਂ ਅਸਟਪਦੀਆਂ ਦੇ ਸਮੂਹ ਨੂੰ 'ਛਕਾ' ਲਿਖਿਆ ਗਿਆ ਹੈ, ਜਿਵੇਂ ਕਿ ਪੰਨਾ ੫੨੮, ੫੩੦, ੫੩੧ ਆਦਿ ਉਪਰ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਆਸਾ ਰਾਗ ਵਿਚ ਪੰਨਾ ੪੪੮-੪੫੧ ਉਪਰ, 'ਮਹਲਾ ੪ ਘਰ ੪' ਸਿਰਲੇਖ ਅਧੀਨ ਚਾਰ ਚਾਰ ਬੰਦਾਂ ਵਾਲੇ ਛੇ ਛੰਤ ਹਨ ਅਥਵਾ ਇਕ ਛਕਾ ਹੈ। ਪਰ ਇਹਨਾਂ ਛੰਤਾਂ ਦੇ ਇਕ ਇਕ ਬੰਦ ਨੂੰ ਵੀ ਸਮੂਹ ਦੇ ਨਾਂ 'ਤੇ 'ਛਕਾ' ਕਿਹਾ ਜਾਣਾ ਪ੍ਰਚਲਤ ਹੈ, ਜੋ ਇਕ ਵਿਆਪਕ ਉਕਾਈ ਹੈ। ਇਸ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ। ਵਿਸਥਾਰ ਲਈ ਵੇਖੋ: *ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਦੂਜੀ,* ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੨੦੧੭ ਅਤੇ ਭਾਈ ਜੋਗਿੰਦਰ ਸਿੰਘ ਤਲਵਾੜਾ, *ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ, ਭਾਗ ੧, ਬਾਣੀ ਬਿਉਰਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੪, ਪੰਨਾ ੪੬

© SikhRI 2020. All Rights Reserved. 

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਉੜੀ ਗਾਉਣ ਵੇਲੇ ਪਖਾਵਜ ਦੀ ਗਤ ਨਹੀਂ ਵਜਾਈ ਜਾਂਦੀ, ਸਾਥ ਵਜਾਈਦਾ ਹੈ (ਭਾਵ, ਪਖਾਵਜ ਦੀ ਕੋਈ ਤਾਲ ਨਹੀਂ ਵਜਾਈ ਜਾਂਦੀ, ਬੋਲ ਹੀ ਵਜਾਏ ਜਾਂਦੇ ਹਨ, ਜਿਸ ਨੂੰ ਪਖਾਵਜ ਜਾਂ ਤਬਲੇ ਨੂੰ ਛੇੜਨਾ ਵੀ ਕਹਿੰਦੇ ਹਨ)। ਇਸੇ ਲਈ ਪਉੜੀ ਗਾ ਕੇ ਉਸ ਦਾ ਪਾਠ ਸੁਣਾਇਆ ਜਾਂਦਾ ਹੈ, ਤਾਂ ਕਿ ਸਰੋਤੇ ਸ਼ਬਦਾਂ ਦਾ ਅਰਥ ਸਮਝ ਸਕਣ। ਪਰ ਸ਼ੋਕ ਹੈ ਕਿ ਹੁਣ ਕੀਰਤਨ ਕਰਨ ਵਾਲੇ ਪਉੜੀਆਂ ਦੇ ਗਾਉਣ ਦੀ ਧਾਰਨਾ ਭੁਲਦੇ ਜਾਂਦੇ ਹਨ ਅਤੇ ਸਵੇਰੇ, ਸ਼ਾਮ ਤੇ ਰਾਤ ਨੂੰ ਚੌਂਕੀ ਦਾ ਭੋਗ ਪਾਉਣ ਵੇਲੇ ਬਿਲਾਵਲ, ਕਾਨੜੇ ਆਦਿ ਦੀਆਂ ਪਉੜੀਆਂ ਪੁਰਾਣੀ ਰੀਤਿ ਅਨੁਸਾਰ ਨਹੀਂ ਗਾਉਂਦੇ।[27]

**ਨੋਟ:** ਆਸਾ ਕੀ ਵਾਰ ਦੀਆਂ ਪਉੜੀਆਂ ਚਾਰ ਜਾਂ ਪੰਜ ਤੁਕਾਂ ਵਾਲੀਆਂ ਹਨ। ਆਖਰੀ ਤੁਕ ਛੋਟੀ (ਦੂਜੀਆਂ ਨਾਲੋਂ ਅੱਧੀ) ਹੋਣ ਕਾਰਣ, ਉਸ ਨੂੰ ਦੁਹਰਾਉਣ ਦੀ ਪ੍ਰਥਾ ਹੈ, ਤਾਂ ਕਿ ਕਾਵਿ-ਤੋਲ ਪੂਰਾ ਰਹਿ ਸਕੇ। ਪਉੜੀ ਗਾਉਣ ਉਪਰੰਤ, ਉਸ ਦਾ ਪਾਠ ਉਚਾਰ ਕੇ ਸੁਣਾਇਆ ਜਾਂਦਾ ਹੈ, ਤਾਂ ਜੁ ਸ੍ਰੋਤਿਆਂ ਨੂੰ ਪਉੜੀ ਦਾ ਅਰਥ-ਭਾਵ ਚੰਗੀ ਤਰ੍ਹਾਂ ਸਮਝ-ਗੋਚਰੇ ਹੋ ਜਾਏ। ਇਸ ਨਾਲ, ਰਾਗੀ ਸਿੰਘਾਂ ਨੂੰ ਅਗਲੀ ਪਉੜੀ ਦੀ ਤਿਆਰੀ ਲਈ ਲੋੜੀਂਦਾ ਸਮਾਂ ਵੀ ਮਿਲ ਜਾਂਦਾ ਹੈ।

**ਆਸਾ ਰਾਗ**

ਆਸਾ ਰਾਗ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਆਏ ੩੧ ਮੁਖ ਰਾਗਾਂ ਦੀ ਤਰਤੀਬ ਵਿਚ ਚਉਥਾ ਸਥਾਨ ਪ੍ਰਾਪਤ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਕਾਂ ੩੪੭ ਤੋਂ ੪੮੮ ਤੱਕ ਰਾਗ ਆਸਾ ਵਿਚ ਗੁਰੂ ਨਾਨਕ ਸਾਹਿਬ ਦੇ ੧੭੦, ਗੁਰੂ ਅਮਰਦਾਸ ਸਾਹਿਬ ਦੇ ੪੮, ਗੁਰੂ ਰਾਮਦਾਸ ਸਾਹਿਬ ਦੇ ੩੦, ਗੁਰੂ ਅਰਜਨ ਸਾਹਿਬ ਦੇ ੧੯੮, ਗੁਰੂ ਤੇਗਬਹਾਦਰ ਸਾਹਿਬ ਦਾ ੧, ਭਗਤ ਕਬੀਰ ਜੀ ਦੇ ੩੭, ਭਗਤ ਨਾਮਦੇਵ ਜੀ ਦੇ ੫, ਭਗਤ ਰਵਿਦਾਸ ਜੀ ਦੇ ੬, ਭਗਤ ਧੰਨਾ ਜੀ ਦੇ ੨ ਅਤੇ ਬਾਬਾ ਫਰੀਦ ਜੀ ਦੇ ੨ ਸ਼ਬਦ ਦਰਜ ਹਨ।[28] ਗੁਰੂ ਨਾਨਕ ਸਾਹਿਬ ਨੇ ਸਭ ਤੋਂ ਵੱਧ ਸ਼ਬਦ ਰਾਗ ਆਸਾ ਵਿਚ ਹੀ ਉਚਾਰਣ ਕੀਤੇ ਹਨ।

ਪੁਰਾਤਨ ਸਮਿਆਂ ਵਿਚ ਰਾਗੀ ਸਿੰਘ ਇਸ ਰਾਗ ਨੂੰ ਬਾਖੂਬੀ ਵਖ-ਵਖ ਅੰਗਾਂ ਸਹਿਤ ਗਾਇਨ ਕਰਦੇ ਸਨ। ਰਾਗ ਆਸਾ ਦੇ ਹੋਰ ਅਨੇਕ ਪ੍ਰਕਾਰ ਵੀ ਪ੍ਰਚਲਤ ਹਨ, ਜੋ ਵਖ-ਵਖ ਅੰਗਾਂ ਨਾਲ ਗਾਏ-ਵਜਾਏ ਜਾਂਦੇ ਹਨ, ਜਿਵੇਂ ਕਿ ਪਹਾੜੀ ਅੰਗ ਨਾਲ, ਬਿਲਾਵਲ ਅੰਗ ਨਾਲ, ਕਲਿਆਣ ਅੰਗ ਨਾਲ ਅਤੇ ਕਾਫੀ ਅੰਗ ਨਾਲ।

ਆਸਾ ਰਾਗ ਪੰਜਾਬ ਦਾ ਪ੍ਰਸਿੱਧ ਅਤੇ ਮਿੱਠਾ ਰਾਗ ਹੈ। ਗੁਰੂ ਨਾਨਕ ਸਾਹਿਬ ਤੋਂ ਕਾਫੀ ਸਮਾਂ ਪਹਿਲਾਂ ਪ੍ਰਚਲਤ ਹੋਈ 'ਟੁੰਡੇ ਅਸਰਾਜੇ ਦੀ ਵਾਰ' ਵੀ ਇਸ ਰਾਗ ਵਿਚ ਹੀ ਗਾਈ ਜਾਂਦੀ ਸੀ। ਗੁਰੂ ਨਾਨਕ ਸਾਹਿਬ ਤੋਂ ਪੂਰਬਲੇ ਭਗਤ ਬਾਣੀਕਾਰਾਂ ਦੀ ਬਾਣੀ ਵੀ ਇਸ ਰਾਗ ਵਿਚ ਰਚੀ ਹੋਣ ਕਾਰਣ ਇਹ ਤੱਥ ਸਥਾਪਤ ਹੋ ਜਾਂਦਾ ਹੈ ਕਿ ਇਹ ਰਾਗ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਹੀ ਪ੍ਰਚਲਤ ਸੀ। ਇਸ ਰਾਗ ਵਿਚ ਗਾਈਆਂ-ਸੁਣਾਈਆਂ ਜਾਂਦੀਆਂ ਲੋਕ ਗਾਥਾਵਾਂ, ਗੀਤ, ਕਿੱਸੇ ਅਤੇ ਧੁਨਾਂ ਅਤਿਅੰਤ ਮਨਮੋਹਕ ਸਨ/ਹਨ। ਆਪਣੀਆਂ

---

27 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੪, ਪੰਨਾ ੭੨੬

28 ਭਾਈ ਜੋਗਿੰਦਰ ਸਿੰਘ ਤਲਵਾੜਾ, *ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ, ਭਾਗ ੧, ਬਾਣੀ ਬਿਉਰਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੪

© SikhRI 2020. All Rights Reserved.

ਖਾਸ ਵਿਸ਼ੇਸ਼ਤਾਵਾਂ ਕਰਕੇ ਇਹ ਰਾਗ ਕੀਰਤਨ ਪਰੰਪਰਾ ਤੋਂ ਇਲਾਵਾ, ਲੋਕ ਸੰਗੀਤ, ਅਰਧ ਸ਼ਾਸਤਰੀ ਸੰਗੀਤ ਅਤੇ ਫਿਲਮੀ ਸੰਗੀਤ 'ਤੇ ਵੀ ਛਾਇਆ ਹੋਇਆ ਹੈ।

ਇਸ ਰਾਗ ਦੀ ਤਾਸੀਰ ਭਗਤੀ ਰਸ ਵਾਲੀ ਹੈ। ਪਟਿਆਲਾ ਰਿਆਸਤ ਦੇ ਦਰਬਾਰੀ ਰਾਗੀ ਅਤੇ ਕਵੀ, ਭਾਈ ਪ੍ਰੇਮ ਸਿੰਘ 'ਰਤਨ ਸੰਗੀਤ ਭੰਡਾਰ' ਵਿਚ ਲਿਖਦੇ ਹਨ ਕਿ ਰਾਗ ਆਸਾ, ਸਿਰੀਰਾਗੁ, ਮੇਘ ਰਾਗ ਅਤੇ ਮਾਰੂ ਰਾਗ ਦੇ ਸੁਮੇਲ ਤੋਂ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਇਹ ਸੰਧੀ-ਪ੍ਰਕਾਸ਼ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ, ਜੋ ਸਵੇਰੇ ਅਤੇ ਸ਼ਾਮ ਨੂੰ ਗਾਇਆ ਅਤੇ ਵਜਾਇਆ ਜਾਂਦਾ ਹੈ। ਇਹ ਉਤ੍ਰਾਂਗ ਵਾਦੀ ਰਾਗ ਹੈ।

ਥਾਟ: ਬਿਲਾਵਲ ਸਵਰ: ਸਾਰੇ ਸ਼ੁਧ

ਵਰਜਤ ਸਵਰ: ਅਰੋਹ ਵਿਚ ਗ ਤੇ ਨੀ

ਜਾਤੀ: ਔੜਵ-ਸੰਪੂਰਨ ਵਾਦੀ: 'ਮ' ਸੰਵਾਦੀ: 'ਸ'

ਅਰੋਹ: ਸ, ਰ ਮ, ਪ ਧ, ਸਂ ਅਵਰੋਹ: ਸਂ ਨੀ, ਧ ਪ ਮ, ਗ ਰੇ ਗ ਸ

ਗਾਇਨ ਸਮਾਂ: ਸਵੇਰੇ ਅਤੇ ਸ਼ਾਮ ਦਾ ਪਹਿਲਾ ਪਹਿਰ।

**ਟੁੰਡੇ ਅਸਰਾਜੈ ਕੀ ਧੁਨੀ**

ਆਸਾ ਕੀ ਵਾਰ ਨੂੰ, ਅੰਮ੍ਰਿਤ ਵੇਲੇ, ਪੰਚਮ ਗੁਰਦੇਵ ਦੀ ਹਦਾਇਤ ਅਨੁਸਾਰ ਰਾਜੇ ਅਸਰਾਜ ਦੇ ਨਾਮ 'ਤੇ ਪ੍ਰਚਲਤ ਲੋਕ ਗਾਇਨ-ਰੀਤ (ਟੁੰਡੇ ਅਸਰਾਜੈ ਕੀ ਧੁਨੀ) ਉਪਰ ਗਾਉਣ ਦਾ ਵਿਧਾਨ ਹੈ। ਅਸਰਾਜ ਦਾ ਇਕ ਹੱਥ ਕੱਟਿਆ ਹੋਇਆ ਸੀ, ਇਸ ਲਈ ਉਸ ਨੂੰ ਟੁੰਡਾ ਕਿਹਾ ਜਾਂਦਾ ਸੀ।

ਵਿਦਵਾਨਾਂ ਨੇ ਰਾਜੇ ਅਸਰਾਜ ਦੀ ਕਥਾ ਵਖ-ਵਖ ਢੰਗਾਂ ਨਾਲ ਬਿਆਨ ਕੀਤੀ ਹੈ। ਪ੍ਰਿ. ਤੇਜਾ ਸਿੰਘ ਨੇ ਇਸ ਨੂੰ ਇਸ ਤਰ੍ਹਾਂ ਲਿਖਿਆ ਹੈ:

"'ਅਸਿਰਾਜ' ਰਾਜਾ ਸਾਰੰਗ ਦਾ ਵੱਡਾ ਪੁੱਤਰ ਸੀ। ਇਸ ਦੇ ਦੋ ਹੋਰ ਮਤ੍ਰਏ ਭਰਾ ਸਰਦੂਲ ਰਾਏ ਅਤੇ ਸੁਲਤਾਨ ਖ਼ਾਨ ਸਨ। ਈਰਖਾ ਕਰ ਕੇ ਦੋਵੇਂ ਭਰਾ ਸ਼ਿਕਾਰ ਦੇ ਬਹਾਨੇ ਅਸਿਰਾਜ ਨੂੰ ਬਾਹਰ ਲੈ ਗਏ ਅਤੇ ਉਸ ਨੂੰ ਜ਼ਖ਼ਮੀ ਕਰ ਕੇ ਖੂਹ ਵਿਚ ਸੁੱਟ ਦਿਤਾ, ਫਿਰ ਪਿਤਾ ਨੂੰ ਆ ਕੇ ਕਹਿ ਦਿਤਾ ਕਿ ਅਸਿਰਾਜ ਨੂੰ ਸ਼ੇਰ ਮਾਰ ਕੇ ਖਾ ਗਿਆ ਹੈ। ਵਣਜਾਰਿਆਂ ਦਾ ਇਕ ਟੋਲਾ ਉਸ ਖੂਹ ਕੋਲੋਂ ਲੰਘਿਆ। ਪਾਣੀ ਭਰਦਿਆਂ ਅਸਿਰਾਜ ਦਾ ਪਤਾ ਲੱਗਾ। ਉਸ ਦੀ ਹਾਲਤ ਉਤੇ ਤਰਸ ਖਾ ਕੇ ਵਣਜਾਰਿਆਂ ਨੇ ਉਸ ਨੂੰ ਕੱਢ ਲਿਆ ਅਤੇ ਮਲ੍ਹਮ-ਪੱਟੀ ਕਰਾ ਕੇ ਰਾਜ਼ੀ ਕਰ ਲਿਆ। ਜਿਸ ਦੇਸ ਵਿਚ ਓਹ ਗਏ, ਉਥੇ ਦਾ ਰਾਜਾ, ਭਾਗ ਜੱਸ, ਨਿਰਸੰਤਾਨ ਮਰ ਗਿਆ; ਸੋ ਉਸ ਦੇ ਵਜ਼ੀਰਾਂ ਨੇ ਇਹ ਫ਼ੈਸਲਾ ਕੀਤਾ ਕਿ ਜਿਹੜਾ ਵੀ ਆਦਮੀ ਸਵੇਰੇ ਸਵੇਰੇ ਸ਼ਹਿਰ ਦੇ ਦਰਵਾਜ਼ੇ ਉੱਤੇ ਪੁੱਜੇ, ਉਸ ਨੂੰ ਰਾਜਾ ਬਣਾਇਆ ਜਾਵੇ।

ਵਾਹਿਗੁਰੂ ਦੀ ਕਰਨੀ! ਜਦ ਰਾਜ ਮੰਤ੍ਰੀ ਉਡੀਕ ਕਰ ਰਹੇ ਸਨ, ਤਾਂ ਉਸ ਵੇਲੇ ਟੁੰਡਾ ਅਸਿਰਾਜ ਹੀ ਦਰਵਾਜ਼ੇ ਉਤੇ ਪੁਜਾ। ਮੰਤ੍ਰੀਆਂ ਨੇ ਉਸ ਨੂੰ ਲਿਜਾ ਕੇ ਰਾਜਾ ਬਣਾ ਦਿਤਾ। ਅਸਿਰਾਜ ਨੇ ਚੰਗਾ ਰਾਜ ਕੀਤਾ। ਕਿਸੇ ਤਰ੍ਹਾਂ ਉਸ ਦੀ ਸੋਭਾ ਉਸ ਦੇ ਪਿਤਾ, ਰਾਜਾ ਸਾਰੰਗ, ਤਕ ਜਾ ਪੁਜੀ। ਉਹ ਬਹੁਤ ਪਛਤਾਇਆ ਅਤੇ ਆਪਣੇ ਪੁੱਤਰ ਅਸਿਰਾਜ ਨੂੰ ਖ਼ਤ ਲਿਖ ਕੇ ਬੁਲਾ ਘਲਿਆ। ਜਦ ਇਹ ਖ਼ਬਰ ਅਸਿਰਾਜ ਦੇ ਮਤ੍ਰਏ ਭਰਾਵਾਂ ਨੂੰ ਮਿਲੀ, ਤਾਂ ਉਨ੍ਹਾਂ ਨੇ ਜੰਗ ਦੀ ਤਿਆਰੀ ਕੀਤੀ। ਲੜਾਈ ਵਿਚ ਅਸਿਰਾਜ ਜਿੱਤ ਗਿਆ, ਅਤੇ ਆਪਣੇ ਪਿਤਾ ਅਤੇ ਉਸ ਦੇ ਮੰਤ੍ਰੀਆਂ ਦੀ ਸਲਾਹ ਨਾਲ ਆਪਣੀ ਜੱਦੀ ਰਾਜ-ਗੱਦੀ ਦਾ ਮਾਲਕ ਬਣਿਆ। ਢਾਡੀਆਂ ਨੇ ਟੁੰਡੇ ਅਸਿਰਾਜੇ ਦੀ ਵਾਰ ਪੰਜਾਬੀ ਵਿਚ ਬਣਾਈ।”[29]

ਇਸ ਕਹਾਣੀ ਦੇ ਪਾਤਰ ਕਿਸ ਦੇਸ਼ ਨਾਲ ਸੰਬੰਧਤ ਹਨ? ਇਸ ਬਾਰੇ ਪਤਾ ਨਹੀਂ ਲਗਦਾ। ਪਰੰਤੂ ਵਾਰ ਦੀ ਪਉੜੀ ਪੰਜਾਬੀ ਵਿਚ ਹੈ ਅਤੇ ‘ਵਾਰ’ ਪੰਜਾਬੀ ਦਾ ਛੰਦ ਹੈ, ਇਸ ਲਈ ਪੰਜਾਬ ਦੇ ਕਿਸੇ ਖਿੱਤੇ ਦੇ ਰਾਜੇ ਦੀ ਕਹਾਣੀ ਜਾਪਦੀ ਹੈ। ਇਸ ਕਥਾ ਦੇ ਵੇਰਵੇ ਪੂਰਨ ਭਗਤ ਅਤੇ ਰੂਪ-ਬਸੰਤ ਆਦਿ ਪਾਤਰਾਂ ਨਾਲ ਵੀ ਮਿਲਦੇ ਹਨ। ਇਸ ਕਰਕੇ ਇਹ ਪੜਤਾਲ ਦਾ ਵਿਸ਼ਾ ਹੈ।

ਪਰ ਜਾਪਦਾ ਹੈ ਕਿ ਵੀਰਤਾ ਅਤੇ ਨਾਇਕਤਵ ਦੇ ਗੁਣਾਂ ਨੂੰ ਉਭਾਰਦੀ ਇਹ ਵਾਰ ਗੁਰੂ ਅਰਜਨ ਸਾਹਿਬ ਦੇ ਸਮੇਂ ਤਕ ਮਿਲਦੀ ਸੀ। ਢਾਢੀਆਂ ਵੱਲੋਂ ਰਾਜੇ ਦੀ ਬਹਾਦਰੀ ਦਾ ਗੁਣਗਾਨ ਲੋਕਾਂ ਵਿਚ ਇਕ ਬੇਹੱਦ ਲੋਕਪ੍ਰਿਅ ਧੁਨੀ ਵਿਚ ਗਾਇਨ ਕੀਤਾ ਜਾਂਦਾ ਸੀ। ਗੁਰੂ ਅਰਜਨ ਸਾਹਿਬ ਨੇ, ਹੋਰਨਾਂ ਕਾਰਣਾਂ ਤੋਂ ਇਲਾਵਾ, ਆਸਾ ਕੀ ਵਾਰ ਦੀਆਂ ਪੰਜ-ਪੰਜ ਤੁਕਾਂ ਵਾਲੀਆਂ ਪਉੜੀਆਂ ਅਤੇ ਰਾਜੇ ਅਸਰਾਜ ਦੀ ਉਸਤਤਿ ਵਿਚ ਗਾਈ ਜਾਂਦੀ ਵਾਰ ਦੀ ਬਣਤਰ ਵਿਚ ਕੁਝ ਸਮਾਨਤਾ ਮਹਿਸੂਸ ਹੋਣ ਕਾਰਣ ਆਸਾ ਕੀ ਵਾਰ ਦੇ ਗਾਉਣ ਲਈ ਇਹ ਧੁਨੀ ਨਿਸ਼ਚਿਤ ਕੀਤੀ ਜਾਪਦੀ ਹੈ।[30]

ਪਉੜੀਆਂ ਦੇ ਨਾਲ ਅੰਕਤ ਸਲੋਕ ਵੀ ਆਸਾ ਰਾਗ ਵਿਚ ਹੀ ਗਾਏ ਜਾਂਦੇ ਹਨ।

ਸਿਖ ਸਾਹਿਤ ਵਿਚ ਰਾਜਾ ਅਸਰਾਜ ਦੀ ਵਾਰ ਦਾ ਜੋ ਨਮੂਨਾ ਪ੍ਰਚਲਤ ਹੈ, ਉਹ ‘ਟੀਕਾ ਫ਼ਰੀਦਕੋਟ’ (ਤਕਰੀਬਨ ੧੮੮੦ ਈ.) ਵਿਚ ਅੰਕਤ ਹੈ। ਇਹੋ ਸੂਚਨਾ ਸ਼ਬਦ ਜੋੜਾਂ ਦੀ ਮਾਮੂਲੀ ਭਿੰਨਤਾ ਨਾਲ ਡਾਕਟਰ ਚਰਨ ਸਿੰਘ ਜੀ ਨੇ ਆਪਣੀ ਪੁਸਤਕ ‘ਬਾਣੀ ਬਿਉਰਾ’ (੧੯੦੨ ਈ.) ਵਿਚ ਦਰਜ ਕੀਤੀ ਜਾਪਦੀ ਹੈ।[31] ਸਾਰੇ ਟੀਕਾਕਾਰਾਂ ਨੇ ਉਪਰੋਕਤ ਸ੍ਰੋਤਾਂ ਵਿਚ ਦਿਤੇ ਨਮੂਨੇ ਦਾ ਹੀ ਪ੍ਰਮਾਣ ਦਿਤਾ ਹੈ, ਪਰ ਕਿਸੇ ਨੇ ਇਸ ਦਾ ਕੋਈ ਹਵਾਲਾ ਨਹੀਂ ਦਿਤਾ, ਨਾ ਹੀ ਇਸ ਦਾ ਕਿਤੇ ਹੋਰ ਕੋਈ ਹਵਾਲਾ ਮਿਲਿਆ ਹੈ।

---

[29] ਪ੍ਰਿ. ਤੇਜਾ ਸਿੰਘ, ਆਸਾ ਦੀ ਵਾਰ ਸਟੀਕ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੯, ਪੰਨਾ ੧੦-੧੧

[30] “ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਢਾਡੀਆਂ ਤੋਂ ਇਹ ਨੌ ਧੁਨੀਆਂ ਵੀਰ ਰਸ ਦੀ ਵ੍ਰਿਧੀ ਲਈ ਗਵਾਈਆਂ, ਜੋ ਹੁਣ ਤੀਕ ਟਕਸਾਲੀਏ ਰਾਗੀ ਰਬਾਬੀ ਗਾਉਂਦੇ ਹਨ। ਬਹੁਤ ਲੇਖਕਾਂ ਨੇ ਲਿਖਿਆ ਹੈ ਕਿ ਧੁਨੀਆਂ ਛੀਵੇਂ ਸਤਿਗੁਰੂ ਨੇ ਚੜ੍ਹਾਈਆਂ ਹਨ, ਪਰ ਇਹ ਅਸਤ੍ਯ ਹੈ।” -ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ ੬੬੯

[31] ਡਾ. ਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ, ਪੰਜਾਬ ਖਾਲਸਾ ਇਜੰਸੀ, ਅੰਮ੍ਰਿਤਸਰ, ੧੯੨੨, ਪੰਨਾ ੨੬

© SikhRI 2020. All Rights Reserved.

ਡਾਕਟਰ ਚਰਨ ਸਿੰਘ ਜੀ ਵਾਲਾ ਨਮੂਨਾ ਹੇਠਾਂ ਦਿਤਾ ਜਾਂਦਾ ਹੈ:

*ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ॥*
*ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ॥*
*ਖਤ ਲਿਖੇ ਟੁੰਡੇ ਅਸਰਾਜ ਨੂੰ ਪਤਿਸਾਹੀ ਅੱਜੇ॥*
*ਟਿੱਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ॥*
*ਫਤੇ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ॥*[32]

## ਮਹੱਤਵਪੂਰਨ ਪਦ

### ਵਾਰ

‘ਵਾਰ’ ਪਉੜੀਆਂ ਵਿਚ ਰਚਿਆ ਬੀਰ ਰਸ ਪ੍ਰਧਾਨ ਕਾਵਿ ਰੂਪਾਕਾਰ ਹੈ।[33] ਮਹਾਨ ਕੋਸ਼ ਅਨੁਸਾਰ: “ਵਾਰ ਤੋਂ ਭਾਵ ਹੈ ਅਜਿਹੀ ਰਚਨਾ, ਜਿਸ ਵਿਚ ਯੁਧ ਸੰਬੰਧੀ ਵਰਣਨ ਹੋਵੇ। ਵਾਰ ਸ਼ਬਦ ਦਾ ਅਰਥ ਪਉੜੀ (ਨਿ:ਸ਼੍ਰੇਣੀ/ਨਿਸ਼ੇਨੀ/ਨਿਸ਼ਾਨੀ) ਛੰਦ ਵੀ ਹੋ ਗਿਆ ਹੈ, ਕਿਉਂਕਿ ਜੋਧਿਆਂ ਦੀ ਸੂਰਬੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ।”

ਪੁਰਾਤਨ ਪੰਜਾਬੀ ਸਾਹਿਤ ਵਿਚ ਪ੍ਰਾਪਤ ਵਾਰਾਂ ਦਾ ਵਿਸ਼ਾ-ਵਸਤੂ ਜ਼ਿਆਦਾਤਰ ਦੁਨਿਆਵੀ ਰਾਜ ਅਤੇ ਧਨ-ਪਦਾਰਥ ਦੀ ਪ੍ਰਾਪਤੀ ਲਈ ਸੰਘਰਸ਼ ਹੀ ਹੈ। ਗੁਰਮਤਿ ਪਰੰਪਰਾ ਦੇ ਅੰਤਰਗਤ ਸਿਰਜੀਆਂ ਗਈਆਂ ਵਾਰਾਂ ਬੇਸ਼ਕ ਅਨੇਕ ਵਿਸ਼ਿਆਂ ਨੂੰ ਆਪਣੇ ਦਾਇਰੇ ਵਿਚ ਲੈਂਦੀਆਂ ਹਨ, ਪਰ ਮੂਲ ਰੂਪ ਵਿਚ ਰੂਹਾਨੀਅਤ ਦੀ ਪ੍ਰਾਪਤੀ ਲਈ ਮਨੁਖੀ ਮਨ ਅੰਦਰ ਚੱਲ ਰਹੇ ਨੇਕੀ ਤੇ ਬਦੀ ਦੇ ਘੋਲ ਨੂੰ ਹੀ ਆਪਣਾ ਵਿਸ਼ਾ-ਵਸਤੂ ਬਣਾਉਂਦੀਆਂ ਹਨ। ਇਸ ਦੇ ਨਾਲ ਹੀ ਇਲਾਹੀ ਹੋਂਦ ਦੀ ਸਿਫਤਿ-ਸਾਲਾਹ ਕਰਦੀਆਂ ਇਹ ਵਾਰਾਂ ਸਤਿ-ਮਾਰਗ ਦੇ ਪਾਂਧੀ ਅਤੇ ਇਸ ਮਾਰਗ ਵਿਚ ਉਸ ਦੇ ਮਦਦਗਾਰ, ਗੁਰੂ, ਦੀ ਉਸਤਤਿ ਵੀ ਕਰਦੀਆਂ ਹਨ।

ਮੂਲ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੀ ਰਚਨਾ ਕੇਵਲ ਪਉੜੀਆਂ ਦੇ ਰੂਪ ਵਿਚ ਹੋਈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂ ਅਰਜਨ ਸਾਹਿਬ ਨੇ ਪਉੜੀਆਂ ਦੇ ਕੇਂਦਰੀ ਭਾਵ, ਜੋ ਕਿ ਜ਼ਿਆਦਾਤਰ ਪਉੜੀ ਦੀ ਅਖੀਰਲੀ ਤੁਕ ਵਿਚ ਹੈ, ਨੂੰ

---

32 ਜਦੋਂ ਇਹ ਵਾਰ ਰਚੀ ਗਈ ਸੀ, ਉਸ ਵੇਲੇ ਬਲਧੁਨੀ (ੱਧਕ) ਅਤੇ ਵਿਸ਼ੇਸ਼ ਧੁਨੀਆਂ (ਸ਼ ਆਦਿ) ਦਾ ਅਭਾਵ ਸੀ। ਪਰ ਮੌਜੂਦਾ ਪ੍ਰਕਾਸ਼ਤ ਲਿਖਤਾਂ ਵਿਚ ਇਹ ਚਿੰਨ੍ਹ ਲਗੇ ਹੋਏ ਹਨ। ਇਸ ਬਾਰੇ ਕਿਸੇ ਪੁਰਾਤਨ ਹਥ ਲਿਖਤ ਖਰੜੇ ਨੂੰ ਵਾਚਣ ਦੀ ਲੋੜ ਹੈ।

33 ਤੇਰ੍ਹਵੀਂ ਸਦੀ ਵਿਚ ਚਾਂਦ ਬਰਦਾਈ ਦੁਆਰਾ ਪਉੜੀਆਂ ਦੇ ਰੂਪ ਵਿਚ ਲਿਖੇ ‘ਪ੍ਰਿਥਵੀ ਰਾਜ ਰਾਸੋ’ ਨਾਮਕ ਗ੍ਰੰਥ ਦੀ ਰਚਨਾ ਸਿਧ ਕਰਦੀ ਹੈ ਕਿ ‘ਪਉੜੀ’ ਵਾਰ ਦੀ ਤਕਨੀਕੀ ਲੋੜ ਹੈ ਅਤੇ ‘ਵਾਰ’ ਦਾ ਅਰਥ ‘ਜਸ-ਮਈ ਕਵਿਤਾ’ ਹੁੰਦਾ ਹੈ, ਜਿਸ ਨੂੰ ਸੰਸਕ੍ਰਿਤ ਵਿਚ ‘ਰਾਇਸ’ ਵੀ ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਵੀ ‘ਰਾਇਸਾ’ ਪਦ ਸਿਫਤਿ-ਸਾਲਾਹ ਲਈ ਹੀ ਵਰਤਿਆ ਹੈ: ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ ਰਹਾਉ ॥ -ਗੁਰੂ ਗ੍ਰੰਥ ਸਾਹਿਬ ੭੨੫

© SikhRI 2020. All Rights Reserved. 

ਮੁਖ ਰਖ ਕੇ ਪਉੜੀਆਂ ਦੇ ਨਾਲ ਢੁਕਵੇਂ ਸਲੋਕ ਵੀ ਦਰਜ ਕਰ ਦਿਤੇ। ਜੋ ਸਲੋਕ ਵਾਰਾਂ ਵਿਚ ਸਮਾਅ ਨਾ ਸਕੇ, ਉਨ੍ਹਾਂ ਨੂੰ ਪੰਨਾ ੧੪੧੦-੧੪੨੬ ਉਪਰ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਅਧੀਨ ਅੰਕਤ ਕਰ ਦਿਤਾ ਗਿਆ।

ਵਾਰ ਦੇ ਅਰੰਭ ਵਿਚ ਉਸ ਦੇ ਰਚਨਹਾਰ ਮਹਲੇ ਬਾਰੇ ਦਿਤੀ ਸੂਚਨਾ (ਮਹਲਾ ੧, ਮਹਲਾ ੫ ਆਦਿ) ਅਸਲ ਵਿਚ ਉਸ ਵਾਰ ਦੀਆਂ ਸਮੁੱਚੀਆਂ ਪਉੜੀਆਂ ਦੇ ਰਚਣਹਾਰ (ਕਰਤਾ) ਦੀ ਲਖਾਇਕ ਹੈ। ਜਿਥੇ ਕਿਤੇ ਕੋਈ ਪਉੜੀ ਕਿਸੇ ਹੋਰ ਮਹਲੇ ਦੀ ਹੋਵੇ, ਉਥੇ ਉਸ ਪਉੜੀ ਦੇ ਨਾਲ ਵਖਰੀ ਸੂਚਨਾ (ਪਉੜੀ ਮ: ੫ ਆਦਿ) ਦਿਤੀ ਹੋਈ ਮਿਲਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕੁਲ ੨੨ ਵਾਰਾਂ ਸ਼ਾਮਲ ਹਨ। ਇਨ੍ਹਾਂ ਵਿਚੋਂ ਦੋ ਵਾਰਾਂ[34] ਵਿਚ ਕੇਵਲ ਪਉੜੀਆਂ ਹੀ ਹਨ, ਸਲੋਕ ਕੋਈ ਨਹੀਂ ਹੈ। ਬਾਕੀ ੨੦ ਵਾਰਾਂ ਦੀਆਂ ਪਉੜੀਆਂ ਦੇ ਨਾਲ ਮਿਲਦੇ ਵਖ-ਵਖ ਮਹਲਿਆਂ ਦੇ ਜਾਂ ਉਸੇ ਮਹਲੇ ਦੇ ਸਲੋਕ ਗੁਰੂ ਅਰਜਨ ਸਾਹਿਬ ਨੇ ਆਦਿ ਬੀੜ ਦੀ ਸੰਪਾਦਨਾ ਵੇਲੇ ਸ਼ਾਮਲ ਕੀਤੇ। ਇਨ੍ਹਾਂ ਸਲੋਕਾਂ ਦੀ ਗਿਣਤੀ ਆਮ ਕਰਕੇ ੨ ਜਾਂ ਉਸ ਤੋਂ ਵੱਧ ਪ੍ਰਾਪਤ ਹੁੰਦੀ ਹੈ।

ਵਾਰਾਂ ਵਿਚ ਪਹਿਲਾਂ ਸਲੋਕ ਆਉਂਦੇ ਹਨ ਅਤੇ ਫਿਰ ਪਉੜੀ। ਹਰੇਕ ਪਉੜੀ ਦੇ ਅਖੀਰ ਵਿਚ ਦਿਤਾ ਹੋਇਆ ਅੰਕ ਕੇਵਲ ਪਉੜੀਆਂ ਦੀ ਗਿਣਤੀ ਦਾ ਹੀ ਸੂਚਕ ਹੈ, ਸਲੋਕਾਂ ਦੀ ਗਿਣਤੀ ਦਾ ਨਹੀਂ। ਇਸੇ ਲਈ, ਪਉੜੀਆਂ ਦਾ ਗਣਨ-ਅੰਕ ਸ਼ੁਰੂ ਤੋਂ ਅਖੀਰ ਤਕ ਕ੍ਰਮਵਾਰ (੧, ੨, ੩, ੪...) ਚਲਦਾ ਹੈ, ਜਦਕਿ ਸਲੋਕਾਂ ਦਾ ਅੰਕ ਉਸ ਪਉੜੀ ਤਕ ਹੀ ਸੀਮਤ ਰਹਿੰਦਾ ਹੈ। ਨਵੀਂ ਪਉੜੀ ਦੇ ਨਾਲ ਅੰਕਤ ਸਲੋਕਾਂ ਦੀ ਗਿਣਤੀ ਫਿਰ ਨਵੇਂ ਸਿਰਿਓਂ (੧ ਤੋਂ) ਅਰੰਭ ਹੁੰਦੀ ਹੈ।”[35]

### ਪਉੜੀ

‘ਪਉੜੀ’ ਪੰਜਾਬੀ ਬੀਰ-ਰਸੀ ਕਾਵਿ (ਵਾਰ) ਦਾ ਇਕ ਖਾਸ ਬਹਿਰ ਜਾਂ ਚਰਨ-ਪ੍ਰਬੰਧ ਹੈ। ਦੂਜੇ ਸ਼ਬਦਾਂ ਵਿਚ, ਪਉੜੀ ਕਾਵਿ ਦਾ ਉਹ ਛੰਦ ਹੈ ਜੋ ਖਾਸ ਤੌਰ ‘ਤੇ ਵਾਰਾਂ ਦੀ ਰਚਨਾ ਵਿਚ ਵਰਤਿਆ ਜਾਂਦਾ ਹੈ। “ਅਸਲ ਵਿਚ ਵਾਰ ਅਤੇ ਪਉੜੀ ਦਾ ਪਰੰਪਰਾਗਤ ਸੰਬੰਧ ਚਲਿਆ ਆ ਰਿਹਾ ਹੈ। ਜੁੱਧ ਨਾਲ ਸੰਬੰਧਤ ਕਾਵਿ ਤਦ ਤਕ ‘ਵਾਰ’ ਨਹੀਂ ਅਖਵਾ ਸਕਦਾ, ਜਦ ਤਕ ਉਸ ਦੀ ਰਚਨਾ ਪਉੜੀ ਛੰਦ ਵਿਚ ਨਾ ਹੋਈ ਹੋਵੇ। ‘ਨਾਦਰਸ਼ਾਹ ਦੀ ਵਾਰ’ ਨੂੰ ਹੁਣ ਤਕ ‘ਨਾਦਰਸ਼ਾਹ ਦੀ ਪਉੜੀ’ ਕਰਕੇ ਲਿਖਿਆ ਜਾਂਦਾ ਹੈ। ‘ਲਉ ਕੁਸ਼ ਦੀ ਵਾਰ’ ਦੇ ਕਰਤਾ ਨੇ ਇਸ ਵਾਰ ਵਿਚ ਕਈ ਥਾਵਾਂ ਉਤੇ ਲਿਖਿਆ - ਕੀਰਤਿ ਦਾਸ ਸੁਣਾਈ ਪੜਿ ਪੜਿ ਪਉੜੀਆਂ; ਦਾਸ ਥੀਆ ਕੁਰਬਾਣੇ ਪਉੜੀ ਆਖਿ ਆਖਿ। ‘ਚੰਡੀ ਦੀ ਵਾਰ’ ਦੇ ਅੰਤ ‘ਤੇ ਵੀ ਅੰਕਿਤ ਹੈ - ਦੁਰਗਾ ਪਾਠ ਬਣਾਇਆ ਸਭੇ ਪਉੜੀਆਂ। ਸਪਸ਼ਟ ਹੈ ਪਉੜੀ ਛੰਦ ਵਾਰ ਦਾ ਅਨਿੱਖੜਵਾ ਅੰਗ ਹੈ ਅਤੇ ਦੋਵੇਂ ਇਕ ਦੂਜੇ ਉਤੇ ਪਰਸਪਰ ਅਧਾਰਿਤ ਹਨ।...ਡਾ. ਚਰਨ ਸਿੰਘ ਨੇ ‘ਬਾਣੀ ਬਿਉਰਾ’

---

[34] 'ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਅਤੇ 'ਬਸੰਤ ਕੀ ਵਾਰ ਮਹਲੁ ੫’।

[35] ਭਾਈ ਜੋਗਿੰਦਰ ਸਿੰਘ ਤਲਵਾੜਾ, *ਜੈਤਸਰੀ ਕੀ ਵਾਰ ਅਤੇ ਵਾਰ ਮਾਰੂ ਡਖਣੇ ਸਟੀਕ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੦, ਪੰਨਾ ੭-੮ ਤੋਂ ਅਨੁਕੂਲਿਆ।

© SikhRI 2020. All Rights Reserved.

ਵਿਚ ਪਉੜੀ ਨੂੰ 'ਵਾਰ' ਦਾ ਛੰਦ ਮੰਨਿਆ ਹੈ। ਭਾਈ ਕਾਨ੍ਹ ਸਿੰਘ ਨੇ 'ਮਹਾਨ ਕੋਸ਼' ਵਿਚ 'ਵਾਰ' ਦਾ ਇਕ ਅਰਥ ਪਉੜੀ ਕਢਿਆ ਹੈ।"[36]

ਪਉੜੀ ਨੂੰ ਕਿਸੇ ਇਕ ਵਿਸ਼ੇਸ਼ ਛੰਦ ਵਿਚ ਨਹੀਂ ਰਖਿਆ ਜਾ ਸਕਦਾ, ਭਾਵੇਂ ਕਿ ਆਮ ਕਰਕੇ ਇਸ ਲਈ 'ਸਿਰਖੰਡੀ' ਅਤੇ 'ਨਿਸ਼ਾਨੀ' ਛੰਦ ਵਰਤਿਆ ਜਾਂਦਾ ਹੈ। ਜਿਸ ਤਰ੍ਹਾਂ ਉਰਦੂ-ਫ਼ਾਰਸੀ ਵਿਚ 'ਮੁਸੱਦਸ' (ਛੇ ਤੁਕਾਂ ਵਾਲੀ ਇਕ ਕਵਿਤਾ ਜਾਂ ਕਾਵਿ-ਬੰਦ) ਦੀ ਵਰਤੋਂ ਹੁੰਦੀ ਹੈ, ਉਸੇ ਤਰ੍ਹਾਂ ਪੰਜਾਬੀ-ਕਾਵਿ ਵਿਚ ਲਮੇਰੇ ਮਜ਼ਮੂਨ ਨਿਭਾਉਣ ਲਈ 'ਪਉੜੀ' ਦੀ ਵਰਤੋਂ ਹੋਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਵਾਰਾਂ ਦੀਆਂ ਪਉੜੀਆਂ ਵਿਚ ਦੋਹਰਾ, ਚੌਪਈ, ਦਵਈਆ ਆਦਿ ਕਾਵਿ/ਛੰਦ-ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਇਸ ਲਈ, ਪਉੜੀਆਂ ਵਿਚ ਤੁਕਾਂ ਦੀ ਗਿਣਤੀ ਇਕਸਾਰ ਨਹੀਂ ਹੈ। ਆਸਾ ਕੀ ਵਾਰ ਵਿਚ ਪਉੜੀਆਂ ਜਿਆਦਾਤਰ ਚਾਰ ਜਾਂ ਪੰਜ ਤੁਕਾਂ ਵਾਲੀਆਂ ਹਨ। ਅੰਤਮ ਤੁਕ ਅੱਧੀ ਹੈ। ਡਾ. ਰਤਨ ਸਿੰਘ ਜੱਗੀ[37] ਅਨੁਸਾਰ ਭਾਵ ਨੂੰ ਉਘਾੜਨ ਲਈ ਪਉੜੀ ਦਾ ਅੰਤਮ ਚਰਣ ਛੋਟਾ ਕਰ ਦਿਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ, ਗੁਰੂ ਅਰਜਨ ਸਾਹਿਬ ਨੇ ਵਾਰ ਦੇ ਮੂਲ ਸਰੂਪ 'ਪਉੜੀ' ਨੂੰ ਹੀ ਮੁਖ ਰਖਿਆ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ 'ਸਲੋਕਾਂ' ਦੀ ਥਾਂ 'ਪਉੜੀ' ਦੀ ਪਹਿਲੀ ਤੁਕ ਨੂੰ ਹੀ ਅੰਕਤ ਕੀਤਾ ਹੈ।

**ਸਲੋਕ**

'ਸਲੋਕ' ਇਕ ਕਾਵਿ ਰੂਪਾਕਾਰ ਹੈ, ਜਿਸ ਦਾ ਸ਼ਾਬਦਕ ਅਰਥ ਹੈ 'ਉਸਤਤਿ'। ਸੰਸਕ੍ਰਿਤ ਵਿਚ ਅਨੁਸ਼ਟੁਪ੍ (अनुष्टुप्) ਛੰਦ 'ਸ਼ਲੋਕ' ਨਾਂ ਹੇਠ ਰਚੇ ਜਾਂਦੇ ਸਨ। ਵਰਣਕ-ਛੰਦਾਂ ਦੀ ਪ੍ਰਧਾਨਤਾ ਹੋਣ ਕਾਰਣ, ਇਹ ਛੰਦ ਵੀ ਵਰਣਕ ਪ੍ਰਬੰਧ ਵਿਚ ਵਰਤਿਆ ਜਾਂਦਾ ਸੀ। ਸਮੇਂ ਦੇ ਵੇਗ ਨਾਲ, ਲੋਕ-ਕੰਠ ਦੀ ਕਰਵਟ ਨੇ ਜਿਥੇ ਭਾਸ਼ਾਈ-ਵਿਕਾਸ ਦੇ ਪੜਾਅ ਨੂੰ ਪ੍ਰਭਾਵਤ ਕੀਤਾ, ਉਥੇ ਵਰਣਕ ਦੀ ਥਾਂ ਮਾਤਰਕ ਛੰਦਾਂ ਨੇ ਆਪਣੀ ਹੋਂਦ ਉਜਾਗਰ ਕੀਤੀ। ਇਸ ਤਰ੍ਹਾਂ, ਪ੍ਰਾਕ੍ਰਿਤਾਂ ਵਿਚ ਇਕੋ ਸਿਰਲੇਖ 'ਸਲੋਕ' ਹੇਠ ਕਈ ਛੰਦ ਵਰਤੋਂ ਵਿਚ ਆਉਣ ਲਗ ਪਏ। ਸਲੋਕ ਦਾ ਪ੍ਰਾਕ੍ਰਿਤਾਂ ਵਿਚ 'ਗਾਥਾ' ਅਤੇ ਅਪਭ੍ਰੰਸ਼ਾਂ ਵਿਚ 'ਦੋਹਾ' ਬਣ ਜਾਣਾ ਉਪਰੋਕਤ ਗੱਲ 'ਤੇ ਮੁਹਰ ਲਾਉਂਦਾ ਹੈ।

ਮਧਕਾਲੀ ਸਾਹਿਤ ਵਿਚ 'ਸਲੋਕ' ਕਾਵਿ ਰੂਪ ਦਾ ਅਹਿਮ ਸਥਾਨ ਰਿਹਾ ਹੈ। ਇਸ ਕਾਲ ਦੀਆਂ ਦੇਵਨਾਗਰੀ ਅਤੇ ਗੁਰਮੁਖੀ ਲਿਖਤਾਂ ਵਿਚ ਸਲੋਕ ਸਿਰਲੇਖ ਅਧੀਨ 'ਦੋਹਾ' ਛੰਦ ਦੀ ਵਰਤੋਂ ਬਹੁਤ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਇਹੀ ਸਥਿਤੀ ਹੈ। ਉਦਾਹਰਣ

---

[36] ਡਾ. ਰਤਨ ਸਿੰਘ ਜੱਗੀ, ਸਿਖ ਪੰਥ ਵਿਸ਼ਵ ਕੋਸ਼, ਭਾਗ ੩, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੨੦੦੨, ਪੰਨਾ ੧੨੫੫

[37] ਡਾ. ਰਤਨ ਸਿੰਘ ਜੱਗੀ, ਆਸਾ ਦੀ ਵਾਰ, ਗੁਰਮਤਿ ਪ੍ਰਕਾਸ਼ਨ ਪਟਿਆਲਾ, ੨੦੧੪, ਪੰਨਾ ੫੯

ਲਈ, ਆਸਾ ਕੀ ਵਾਰ ਦੀ ਪਹਿਲੀ ਪਉੜੀ ਨਾਲ ਆਏ ਸਲੋਕ (ਪਹਿਲਾ ਅਤੇ ਦੂਜਾ) ਵੀ 'ਦੋਹਾ' ਛੰਦ ਵਿਚ ਹੀ ਰਚੇ ਗਏ ਹਨ, ਭਾਵੇਂ ਕਿ ਮਾਤਰਾਵਾਂ ਦੀ ਗਿਣਤੀ ਇਕਸਾਰ ਨਹੀਂ। ਇਸ ਦਾ ਮੂਲ ਕਾਰਣ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਸਤਰੀ ਅਤੇ ਕਾਵਿਕ ਬੰਦਸ਼ਾਂ ਨਾਲੋਂ ਵਿਚਾਰ ਨੂੰ ਤਰਜੀਹ ਦਿਤੀ ਗਈ ਹੈ। 'ਗੁਰੁ ਛੰਦ ਦਿਵਾਕਰ' ਦੇ ਕਰਤਾ, ਭਾਈ ਕਾਨ੍ਹ ਸਿੰਘ ਨਾਭਾ, ਨੇ ਗੁਰੂ ਗ੍ਰੰਥ ਸਾਹਿਬ ਵਿਚ 'ਉਪਮਾਨ, ਅਨੁਸ਼ਟੁਪ, ਸਰਸੀ, ਦੋਹਾ ਰੂਪ ਸਲੋਕ' ਆਦਿ ਛੰਦਾਂ ਵਿਚ ਸਲੋਕਾਂ ਦੀ ਵਰਤੋਂ ਦਰਸਾਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਧੇਰੇ ਸਲੋਕ ਬੇਸ਼ਕ ਦੋ ਤੁਕੇ ਹਨ, ਪਰ ੧ ਤੋਂ ਲੈ ਕੇ ੨੬ ਤੁਕਾਂ ਵਾਲੇ ਸਲੋਕ ਵੀ ਮਿਲਦੇ ਹਨ। ਸਲੋਕਾਂ ਦੀਆਂ ਤੁਕਾਂ ਵਿਚ ਗਿਣਾਤਮਕ ਪੱਧਰ 'ਤੇ ਪਾਈ ਜਾਂਦੀ ਇਸ ਵਿਭਿੰਨਤਾ ਤੋਂ ਵੀ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਰੂਪਾਕਾਰਕ ਬੰਧਨਾਂ ਦੀ ਥਾਂ ਭਾਵ ਨੂੰ ਪ੍ਰਧਾਨਤਾ ਦਿਤੀ ਹੈ, ਅਰਥਾਤ ਉਪਦੇਸ਼ ਨੂੰ ਮੁਖ ਰਖਿਆ ਹੈ।

**ਮਹਲਾ**

'ਮਹਲਾ' ਗੁਰਬਾਣੀ ਸਿਰਲੇਖਾਂ ਵਿਚ ਗੁਰੂ ਬਾਣੀਕਾਰਾਂ ਲਈ ਵਰਤਿਆ ਸੰਕੇਤਕ ਸ਼ਬਦ ਹੈ, ਜਿਸ ਦਾ ਅਰਥ ਹੈ ਗੁਰੂ-ਜੋਤਿ ਦਾ ਇਕ ਜਾਮੇ ਤੋਂ ਦੂਜੇ ਜਾਮੇ ਵਿਚ ਇਕ-ਮਿਕ (ਹਲੂਲ) ਹੋਣ ਦੀ ਥਾਂ। 'ਮਹਲਾ' ਸ਼ਬਦ ਦੀ ਵਿਉਤਪਤੀ, ਅਰਥ ਅਤੇ ਉਚਾਰਣ ਬਾਰੇ ਵਖ-ਵਖ ਰਾਵਾਂ ਹਨ। ਕਈ ਵਿਦਵਾਨ ਇਸ ਦਾ ਸ੍ਰੋਤ ਅਰਬੀ ਦੇ ਸ਼ਬਦ 'ਹਲੂਲ' (مَحل) ਨੂੰ ਮੰਨਦੇ ਹੋਏ, ਇਸ ਨੂੰ 'ਜਾਇ ਹਲੂਲ, ਹਲੂਲ ਹੋਣ ਦੀ ਜਗਹ ਜਾਂ ਉਤਰਨ ਦਾ ਮੁਕਾਮ' ਵਜੋਂ ਅਰਥਾਉਂਦੇ ਅਤੇ ਇਸ ਦਾ ਉਚਾਰਣ 'ਮ-ਹਲਾ (ਮਹੱਲਾ)' ਸਹੀ ਮੰਨਦੇ ਹਨ।[38] ਦੂਜੇ ਪਾਸੇ, ਕੁਝ ਵਿਦਵਾਨ ਇਸ ਨੂੰ ਸੰਸਕ੍ਰਿਤ 'ਮਹਲਾ' ਨਾਲ ਜੋੜ ਕੇ ਇਸ ਦਾ ਅਰਥ 'ਸਰੀਰ' ਕਰਦੇ ਹਨ ਅਤੇ ਇਸ ਨੂੰ ਪਹਿਲਾ, ਗਹਿਲਾ ਆਦਿ ਸ਼ਬਦਾਂ ਦੀ ਤਰਜ਼ ਉਪਰ 'ਮਹਿਲਾ' ਜਾਂ 'ਮਹ-ਲਾ' ਉਚਾਰਣ ਦੇ ਮੁੱਦਈ ਹਨ।

ਇਸ ਸ਼ਬਦ ਦਾ ਸ੍ਰੋਤ ਕੁਝ ਵੀ ਹੋਵੇ ਅਸਲ ਮਸਲਾ ਇਸ ਦੇ ਉਚਾਰਣ ਨਾਲ ਹੀ ਜੁੜਿਆ ਹੋਇਆ ਹੈ, ਜਿਹੜਾ ਅਗੋਂ ਇਸ ਵਿਚਲੇ ਅਖਰਾਂ ਦੇ ਨਿਖੇੜ ਨਾਲ ਸੰਬੰਧ ਰਖਦਾ ਹੈ। ਬੇਸ਼ਕ ਖੋਜ ਅਗੇ ਜਾਰੀ ਰਹਿਣੀ ਚਾਹੀਦੀ ਹੈ ਪਰ ਹਾਲ ਦੀ ਘੜੀ ਇਸ ਦਾ ਹੱਲ ਇਹ ਹੋ ਸਕਦਾ ਹੈ ਕਿ ਇਸ ਨੂੰ 'ਮ-ਹਲਾ' (ਮਹੱਲਾ) ਜਾਂ 'ਮਹ-ਲਾ' (ਮਹਿਲਾ) ਵਾਂਗ ਨਿਖੇੜਨ ਦੀ ਥਾਂ, 'ਮ-ਹ-ਲਾ' ਵਾਂਗ ਨਿਖੇੜਕੇ ਉਚਾਰਿਆ ਜਾਵੇ। ਇਸ ਦੇ ਉਚਾਰਣ ਸੰਬੰਧੀ 'ਮਹਲਾ ਸ਼ਬਦ ਦਾ ਸ਼ੁੱਧ ਉਚਾਰਣ,'[39] 'ਬਾਣੀ ਬਿਉਰਾ'[40]ਅਤੇ ਇਸ ਵਿਚ ਦਿਤੀ ਪੁਸਤਕ ਸੂਚੀ ਵਿਚਲੀਆਂ ਪੁਸਤਕਾਂ ਵੀ ਦੇਖੀਆਂ ਜਾ ਸਕਦੀਆਂ ਹਨ।

---

38 "ਦਬਿਸ੍ਤਾਨੇ ਮਜ਼ਾਹਬ ਦਾ ਕਰਤਾ ਲਿਖਦਾ ਹੈ ਕਿ ਹ਼ਲੂਲ (مَحل) ਦਾ ਥਾਂ ਮਹਲ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਾਨਸ਼ੀਨ ਮਹਲ ਕਹੇ ਜਾਂਦੇ ਹਨ ਕਿ ਇੱਕ ਗੁਰੂ ਆਪਣੇ ਤਾਈਂ ਦੂਜੇ ਵਿੱਚ ਹ਼ਲੂਲ (ਉਤਾਰਦਾ) ਹੈ, ਭਾਵ ਲੀਨ ਕਰਦਾ ਹੈ।" -ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੪, ਪੰਨਾ ੯੭੪। ਸਿਖ ਪਰੰਪਰਾ ਅਤੇ ਸ਼ਬਦਾਵਲੀ ਵਿਚ ਪ੍ਰਚਲਤ ਸ਼ਬਦ ਜੁਟ 'ਹੋਲਾ ਮਹੱਲਾ' ਵੀ ਉਪਰੋਕਤ ਉਚਾਰਣ ਦੀ ਹੀ ਹਾਮੀ ਭਰਦਾ ਹੈ।

39 ਗਿ. ਗੁਰਦਿਤ ਸਿੰਘ (ਸੰਪਾ.), ਸਿੰਘ ਸਭਾ ਪਤ੍ਰਿਕਾ ਲੜੀ, ਚੰਡੀਗੜ੍ਹ, ੧੯੯੪

40 ਭਾਈ ਜੋਗਿੰਦਰ ਸਿੰਘ ਤਲਵਾੜਾ, ਗੁਰੂ ਗ੍ਰੰਥ ਸਾਹਿਬ ਬੋਧ, ਭਾਗ ੧, ਬਾਣੀ ਬਿਉਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੪

© SikhRI 2020. All Rights Reserved. 

ਗੁਰਬਾਣੀ ਵਿਚ 'ਮਹਲਾ' ਸ਼ਬਦ ਨਾਲ ਆਏ ਅੰਕ (੧, ੨, ੩ ਆਦਿ) ਕ੍ਰਮ-ਵਾਚਕ ਸੰਖਿਅਕ ਵਿਸ਼ੇਸ਼ਣ ਹਨ। ਇਹ ਮਹਲੇ ਦਾ ਕ੍ਰਮ ਜਾਂ ਦਰਜਾ ਦਰਸਾਉਂਦੇ ਹਨ। ਇਸ ਲਈ ਇਨ੍ਹਾਂ ਦਾ ਉਚਾਰਣ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਆਦਿ ਬਣਦਾ ਹੈ, ਇਕ, ਦੋ, ਤਿੰਨ ਆਦਿ ਨਹੀਂ। ਅਜਿਹਾ ਗੁਰਬਾਣੀ ਸੰਪਾਦਕ, ਗੁਰੂ ਅਰਜਨ ਸਾਹਿਬ, ਨੇ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਈਂ ਦਰਸਾਇਆ ਹੈ। ਜਿਵੇਂ ਕਿ:

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥ -ਗੁਰੂ ਗ੍ਰੰਥ ਸਾਹਿਬ ੧੪
ਗੂਜਰੀ ਮਹਲਾ ੩ ਤੀਜਾ ॥ -ਗੁਰੂ ਗ੍ਰੰਥ ਸਾਹਿਬ ੪੯੨

DRAFT